# ਕੈਨੇਡਾ ਦਰਪਣ

15 ਮਈ, 1987

**May 15, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING MAY 15, 1987 Vol. 6 No. 17 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

### ਪ੍ਰਕਾਸ਼ ਸਿੰਘ ਬਾਦਲ ਸਮੇਤ

# 11 ਵਿਧਾਇਕ ਅਸੈਂਬਲੀ 'ਚੋਂ ਖਾਰਜ

## 15 ਅਕਾਲੀ ਐਮ. ਐਲ. ਏ. ਸ਼ਸ਼ੋਪੰਜ ਵਿਚ

ਚੰਡੀਗੜ੍ਹ — ਪੰਜਾਬ ਅਸੈਂਬਲੀ ਦੇ ਸਪੀਕਰ ਸ: ਸੁਰਜੀਤ ਸਿੰਘ ਮਿਨਹਾਸ ਨੇ ਹਾਈਕੋਰਟ ਦੇ ਫੈਸਲੇ ਪਿਛੋਂ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠਲੇ ਅਕਾਲੀ ਦਲ ਦੇ ਗਿਆਰਾਂ ਵਿਧਾਇਕਾਂ ਨੂੰ ਅਸੈਂਬਲੀ ਦੀ ਮੈਂਬਰੀ ਤੋਂ ਖਾਰਜ ਕਰ ਦਿੱਤਾ ਹੈ। ਖਾਰਜ ਕੀਤੇ ਜਾਣ ਵਾਲੇ ਮੈਂਬਰਾਂ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹਨ।

### ਦਲ-ਬਦਲੂ ਮੈਂਬਰ ਨਹੀਂ ਰਹਿਣਗੇ

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਸੀ ਕਿ ਦਲ-ਬਦਲੂ ਐਕਟ ਅਨੁਸਾਰ ਜੋ ਵਿਧਾਇਕ ਇਕ ਪਾਰਟੀ ਦੀ ਟਿਕਟ ਉਤੇ ਚੁਣੇ ਜਾਣ ਤੋਂ ਪਿਛੋਂ ਦਲ ਬਦਲੀ ਕਰਨ ਤਾਂ ਉਹ ਵਿਧਾਇਕ ਨਹੀਂ ਰਹਿ ਸਕਦੇ। ਪ੍ਰਕਾਸ਼ ਸਿੰਘ ਬਾਦਲ ਧੜਾ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਦਿਤੀਆਂ ਗਈਆਂ ਟਿਕਟਾਂ ਦੇ ਆਧਾਰ ਉਤੇ ਚੋਣਾਂ ਲੜਿਆ ਸੀ ਪਰ ਜਦ ਪ੍ਰਕਾਸ਼ ਸਿੰਘ ਬਾਦਲ ਨੂੰ ਉਪ-ਮੁੱਖ ਮੰਤਰੀ ਨਾ ਬਣਾਇਆ ਗਿਆ ਤਾਂ ਉਨ੍ਹਾਂ ਆਪਣਾ ਅਕਾਲੀ ਦਲ ਖੜ੍ਹਾ ਕਰ ਲਿਆ।

### 15 ਵਿਧਾਇਕ ਸ਼ਸ਼ੋਪੰਜ ਵਿਚ

ਅਕਾਲੀ ਦਲ (ਮਾਨ) ਦੇ 11 ਵਿਧਾਇਕਾਂ ਦੀ ਛੁੱਟੀ ਹੋ ਜਾਣ ਪਿਛੋਂ 15 ਵਿਧਾਇਕ ਮੁੜ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਿਚ ਸ਼ਾਮਲ ਹੋਣ ਲਈ ਹੱਥ ਪੈਰ ਮਾਰ ਰਹੇ ਹਨ। ਸੂਤਰਾਂ ਅਨੁਸਾਰ ਸਪੀਕਰ ਇਨ੍ਹਾਂ ਪੰਦਰਾਂ ਵਿਧਾਇਕਾਂ ਨੂੰ ਦੂਜੇ ਪੜਾਅ ਵਿਚ ਖਾਰਜ ਕਰਨ ਦਾ ਇਰਾਦਾ ਰੱਖਦੇ ਹਨ।

### ਵਿਰੋਧੀ ਪਾਰਟੀਆਂ ਵਲੋਂ ਫੈਸਲੇ ਦਾ ਸਵਾਗਤ

ਸਪੀਕਰ ਦੇ ਫੈਸਲੇ ਦਾ ਸੁਆਗਤ ਕਰਨ ਵਾਲਿਆਂ ਵਿਚ ਦੋਵਾਂ ਕਮਿਊਨਿਸਟ ਪਾਰਟੀਆਂ ਦੇ ਆਗੂ ਸ਼ਾਮਲ ਹਨ। ਭਾਰਤੀ ਜਨਤਾ ਪਾਰਟੀ ਦੇ ਡਾ: ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਇਹ ਕਦਮ ਬਹੁਤ ਚਿਰ ਪਹਿਲਾਂ ਚੁਕਿਆ ਜਾਣਾ ਚਾਹੀਦਾ ਸੀ।

### ਬਰਨਾਲਾ ਦੇ ਹੱਥ ਮਜ਼ਬੂਤ

11 ਵਿਧਾਇਕਾਂ ਦੇ ਖਾਰਜ ਹੋਣ ਤੋਂ ਪਿਛੋਂ ਮੁੱਖ ਮੰਤਰੀ ਬਰਨਾਲਾ ਦੇ ਹੱਥ ਹੋਰ ਮਜ਼ਬੂਤ ਹੋ ਗਏ ਦੱਸੇ ਜਾਂਦੇ ਹਨ। ਕਾਂਗਰਸ (ਆਈ) ਉਤੇ ਬਰਨਾਲਾ ਸਰਕਾਰ ਨੂੰ ਹੁਣ ਨਿਰਭਰ ਹੋਣ ਦੀ ਵੀ ਲੋੜ ਨਹੀਂ ਰਹੀ।

# ਜ਼ੈਲ ਸਿੰਘ ਗੋਡੇ ਟੇਕਣ ਲਈ ਮਜ਼ਬੂਰ

## ਵਿਰੋਧੀ ਪਾਰਟੀਆਂ ਵਲੋਂ ਰਾਸ਼ਟਰਪਤੀ ਨੂੰ ਚਿਤਾਵਨੀ

ਨਵੀਂ ਦਿੱਲੀ — ਪਿਛਲੇ ਕੁਝ ਹਫਤਿਆਂ ਤੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਚਕਾਰ ਛਿੜਿਆ ਵਾਦ-ਵਿਵਾਦ ਅਚਾਨਕ ਮੋੜ ਕੱਟ ਗਿਆ ਜਦ ਲੋਕ ਸਭਾ ਵਿਚ ਵਿਰੋਧੀ ਪਾਰਟੀਆਂ ਨੇ ਰਾਸ਼ਟਰਪਤੀ ਨੂੰ ਚਿਤਾਵਨੀ ਦੇ ਦਿੱਤੀ ਕਿ ਭਾਰਤ ਦੇ ਲੋਕਾਂ ਦੀ ਪ੍ਰਤੀਨਿਧਤਾ ਪਾਰਲੀਮੈਂਟ ਕਰਦੀ ਹੈ ਨਾ ਕਿ ਰਾਸ਼ਟਰਪਤੀ। ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਰਾਸ਼ਟਰਪਤੀ ਵਲੋਂ ਛੇੜੇ ਵਾਦ ਵਿਵਾਦ ਨੂੰ ਬੇਲੋੜਾ ਦੱਸਦਿਆਂ ਕਿਹਾ ਕਿ ਰਾਸ਼ਟਰਪਤੀ ਆਪਣੇ ਅਹੁਦੇ ਦੀ ਮਿਆਦ ਪੁਗਣ ਉਤੇ ਭਾਰਤ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

### ਜ਼ੈਲ ਸਿੰਘ ਨੇ ਪੈਂਤੜਾ ਬਦਲਿਆ

ਬੰਬਈ ਵਿਚ ਆਪਣੇ ਭਾਸ਼ਨ ਸਮੇਂ ਜ਼ੈਲ ਸਿੰਘ ਨੇ ਆਪਣਾ ਪੈਂਤੜਾ ਬਦਲਦਿਆਂ ਕਿਹਾ ਕਿ ਲੋਕਰਾਜ ਵਿਚ ਲੋਕਾਂ ਦੇ ਚੁਣੇ ਪ੍ਰਤੀਨਿਧਾਂ ਨੂੰ ਹੀ ਇਹ ਹੱਕ ਹਾਸਲ ਹੈ ਕਿ ਉਹ ਸਰਕਾਰ ਦੀਆਂ ਕਾਰਗੁਜ਼ਾਰੀਆਂ ਦਾ ਹਿਸਾਬ ਕਿਤਾਬ ਮੰਗਣ। ਯਾਦ ਰਹੇ ਕਿ ਕੇਰਲ ਵਿਚ ਬੋਲਦਿਆਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਗਿਆਨੀ ਜ਼ੈਲ ਸਿੰਘ ਉਤੇ ਦੋਸ਼ ਲਾਇਆ ਸੀ ਕਿ ਉਹ ਦੇਸ਼-ਵਿਰੋਧੀ ਅਨਸਰਾਂ ਨੂੰ ਪੱਠੇ ਪਾਉਣ ਵਾਲੀਆਂ ਗੱਲਾਂ ਕਰ ਰਹੇ ਹਨ।

ਹਿੰਦ-ਕਮਿਊਨਿਸਟ ਪਾਰਟੀ (ਮਾਰਕਸਵਾਦੀ) ਤੇ ਸੀ. ਪੀ. ਆਈ. ਦੇ ਆਗੂਆਂ ਨੇ ਗਿਆਨੀ ਜ਼ੈਲ ਸਿੰਘ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਪਾਰਲੀਮੈਂਟ ਤੋਂ ਵੱਡੇ ਨਹੀਂ ਹਨ। ਜੋ ਫੈਸਲੇ ਪਾਰਲੀਮੈਂਟ ਕਰਦੀ ਹੈ ਉਨ੍ਹਾਂ ਨੂੰ ਮੰਨਣਾ ਰਾਸ਼ਟਰਪਤੀ ਲਈ ਜ਼ਰੂਰੀ ਹੈ। ਜਨਤਾ ਪਾਰਟੀ ਦੇ ਲੀਡਰ ਚੰਦਰ ਸ਼ੇਖਰ ਨੇ ਵੀ ਕਿਹਾ ਕਿ ਰਾਸ਼ਟਰਪਤੀ ਲੋਕਾਂ ਦੇ ਨੁਮਾਇੰਦਿਆਂ ਉਤੋਂ ਨਹੀਂ ਹਨ।

ਭਰੋਸੇਯੋਗ ਸੂਤਰਾਂ ਅਨੁਸਾਰ ਰਾਸ਼ਟਰਪਤੀ ਜ਼ੈਲ ਸਿੰਘ ਅਜਿਹੇ ਅਨਸਰਾਂ ਦੀ ਚੁੱਕ ਵਿਚ ਆ ਗਏ ਸਨ ਜੋ ਦੇਸ਼ ਵਿਚ ਹਫੜਾ ਦਫੜੀ ਵਰਗੀ ਹਾਲਾਤ ਪੈਦਾ ਕਰਨਾ ਚਾਹੁੰਦੇ ਹਨ।

ਸੂਤਰਾਂ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਦੀ ਸੁਰ ਬਦਲਣ ਨਾਲ ਮੌਜੂਦਾ ਸੰਕਟ ਟਲ ਗਿਆ ਹੈ।

**ਅੰਦਰ ਪੜ੍ਹੋ —**

- ਸਿੱਖ ਧਰਮ ਤੇ ਇਤਿਹਾਸ ਬਾਰੇ ਭੁਲੇਖੇ
- ਚੁਣੌਤੀਆਂ ਸਮੁੱਚੇ ਦੇਸ਼ ਵਿਚੋਂ ਉਠ ਰਹੀਆਂ ਹਨ —ਦੀਵਾਨ ਬਰਿੰਦਰਨਾਥ—
- ਨਵਾਂ ਭਗਵਾਨ ਚੰਦਰਾ ਸਵਾਮੀ —ਖੜਕ ਸਿੰਘ—

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

TEL. 874-9525

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ROYAL FURNITURE

Royal Furniture Ltd.

2607 Main St. (at 10th Ave.) Vancouver, B.C.

ROYAL - THE NAME FRIENDS RECOMMEND



ਪਾਲ ਡੂਰੋਂ

# ਪਾਰਲੀਮੈਂਟ ਵਿਚ ਰੀਫੀਊਜ਼ੀ ਬਿੱਲ ਪੇਸ਼

## 'ਨਕਲੀ ਰੀਫੀਊਜ਼ੀ' ਛੇਤੀ ਵਾਪਸ ਜਾਣਗੇ

ਅਟਵਾ — ਇਮੀਗਰੇਸ਼ਨ ਮੰਤਰੀ ਬੀਨੂਆਇਟ ਬੋਸ਼ਾਰਡ ਨੇ ਪਾਰਲੀਮੈਂਟ ਵਿਚ ਇਕ ਬਿੱਲ ਪੇਸ਼ ਕੀਤਾ ਹੈ ਜਿਸ ਅਨੁਸਾਰ ਨਕਲੀ ਰੀਫੀਊਜ਼ੀ ਅਸਲੀ ਰੀਫੀਊਜ਼ੀਆਂ ਨੂੰ ਇਮੀਗਰੇਸ਼ਨ ਲੈਣ ਵਿਚ ਰੋਕ ਨਹੀਂ ਪਾ ਸਕਣਗੇ ਸਗੋਂ ਪ੍ਰਬੰਧਕ ਕਲੇਮਾਂ ਨੂੰ ਛੇਤੀ ਨਿਪਟਾ ਸਕਣਗੇ। ਨਵੇਂ ਕਾਨੂੰਨ ਅਨੁਸਾਰ ਜੋ ਲੋਕ ਰੀਫੀਊਜ਼ੀ ਕਲੇਮ ਕਰਦੇ ਹਨ ਉਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਸਾਲਾਂ ਦੀ ਥਾਂ ਮਹੀਨਿਆਂ ਵਿਚ ਹੀ ਹੋ ਸਕੇਗਾ।

ਬਿੱਲ ਵਿਚ ਹੇਠ ਲਿਖੇ ਲੋਕ ਰੀਫੀਊਜ਼ੀ ਕਲੇਮ ਨਹੀਂ ਕਰ ਸਕਣਗੇ:

- ਅਜਿਹੇ ਵਿਅਕਤੀ ਜਿਨ੍ਹਾਂ ਨੂੰ ਹੋਰ ਕਿਸੇ ਦੇਸ਼ ਵਿਚ ਰੀਫੀਊਜ਼ੀ ਮੰਨਿਆ ਗਿਆ ਹੈ ਜਾਂ ਜਿਨ੍ਹਾਂ ਨੂੰ ਕਲੇਮ ਕਰਨ ਦਾ ਮੌਕਾ ਮਿਲ ਸਕਦਾ ਸੀ।
- ਅਜਿਹੇ ਵਿਅਕਤੀ ਜਿਹੜੇ ਅਜਿਹੇ ਦੇਸ਼ ਵਿਚੋਂ ਆਉਂਦੇ ਹਨ ਜਿਥੇ ਜਾਨ ਦਾ ਖਤਰਾ ਨਹੀਂ (ਕੈਬਨਿਟ ਦੀ ਪ੍ਰੀਭਾਸ਼ਾ ਅਨੁਸਾਰ)
- ਅਜਿਹੇ ਵਿਅਕਤੀ ਜਿਨ੍ਹਾਂ ਨੂੰ ਰੀਫੀਊਜ਼ੀ ਸਟੇਟਸ ਤੋਂ ਪਹਿਲਾਂ ਇਨਕਾਰ ਕੀਤਾ ਜਾ ਚੁੱਕਾ ਹੋਵੇ
- ਜਿਨ੍ਹਾਂ ਨੂੰ ਡੀਪੋਰਟੇਸ਼ਨ ਲੱਗ ਚੁੱਕੀ ਹੋਵੇ।

ਪਿਛਲੇ ਸਾਲ 18,000 ਵਿਅਕਤੀਆਂ ਨੇ ਰੀਫੀਊਜ਼ੀ ਕਲੇਮ ਦਾਖਲ ਕੀਤੇ। ਨਕਲੀ ਰੀਫੀਊਜ਼ੀਆਂ ਦਾ ਬਹੁਤਾ ਰੌਲਾ ਟਰਕੀ ਅਤੇ ਪੁਰਤਗਾਲ ਦੇ ਲੋਕਾਂ ਦੇ ਆਉਣ ਉਤੇ ਪਿਆ।

ਮੰਤਰੀ ਨੇ ਕਿਹਾ ਕਿ ਮਨੁੱਖਤਾ ਦੇ ਨਾਤੇ ਜਿਨ੍ਹਾਂ ਨੂੰ ਰੀਫੀਊਜ਼ੀ ਮੰਨਿਆ ਜਾਣਾ ਜ਼ਰੂਰੀ ਹੈ — ਕੁਝ ਲੋਕ ਸਿਸਟਮ ਦਾ ਨਜਾਇਜ਼ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਕਾਰਨ ਇਹ ਬਿੱਲ ਬਨਾਉਣਾ ਪੈ ਰਿਹਾ ਹੈ।

### ਲਿਬਰਲ ਪਾਰਟੀ ਵਲੋਂ ਵਿਰੋਧ

ਲਿਬਰਲ ਪਾਰਟੀ ਦੇ ਬੁਲਾਰੇ ਮਿ: ਮਾਰਚੀ ਨੇ ਕਿਹਾ ਕਿ ਇਹ ਬਿੱਲ ਗੈਰਮਨੁੱਖੀ ਹੈ ਅਤੇ ਵਾਪਸ ਲਿਆ ਜਾਣਾ ਚਾਹੀਦਾ ਹੈ। ਐਮਨਿਸਟੀ ਇੰਟਰਨੈਸ਼ਨਲ, ਕੈਨੇਡੀਅਨ ਬਾਰ ਐਸੋਸੀਏਸ਼ਨ ਅਤੇ ਐਨ. ਡੀ. ਪੀ. ਪਾਰਟੀ ਵਲੋਂ ਵੀ ਇਸ ਬਿੱਲ ਦਾ ਵਿਰੋਧ ਕੀਤਾ ਗਿਆ ਹੈ।

# ਕਾਮਨਵੈਲਥ ਕਾਨਫਰੰਸ ਵਿਚ 49 ਮੁੱਖੀ ਹਿੱਸਾ ਲੈਣਗੇ

ਵੈਨਕੂਵਰ — ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਇਥੇ 13 ਤੋਂ 17 ਅਕਤੂਬਰ ਨੂੰ ਹੋ ਰਹੀ ਹੈ ਜਿਸ ਵਿਚ 49 ਦੇਸ਼ਾਂ ਦੇ ਮੁੱਖੀ ਹਿੱਸਾ ਲੈਣਗੇ। ਸ਼ਾਮਲ ਹੋਣ ਵਾਲਿਆਂ ਵਿਚ ਇੰਗਲੈਂਡ ਦੀ ਰਾਣੀ ਐਲਿਜ਼ਬਿਥ ਵੀ ਹੋਵੇਗੀ ਜੋ ਇਸ ਕਾਨਫਰੰਸ ਦਾ ਉਦਘਾਟਨ ਕਰੇਗੀ। ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੋਂ ਇਲਾਵਾ ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਅਤੇ ਅਫਰੀਕਾ ਦੇ ਨੇਤਾ ਵੀ ਪ੍ਰਧਾਨ ਮੰਤਰੀ ਮੁਗਾਬੀ ਸਮੇਤ ਸ਼ਾਮਲ ਹੋਣਗੇ।

ਪਾਕਿਸਤਾਨ ਦਾ ਇਕ ਡੈਲੀਗੇਸ਼ਨ ਅੱਜ ਕੱਲ੍ਹ ਕਾਮਨਵੈਲਥ ਦੇਸ਼ਾਂ ਦੇ ਦੌਰੇ ਉਤੇ ਹੈ ਤਾਂਕਿ ਪਾਕਿਸਤਾਨ ਨੂੰ ਵੀ ਕਾਮਨਵੈਲਥ ਦੇਸ਼ਾਂ ਦੀ ਮੈਂਬਰਸ਼ਿਪ ਮਿਲ ਸਕੇ। ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਜੇ ਭਾਰਤ ਨੇ ਵਿਰੋਧ ਨਾ ਕੀਤਾ ਤਾਂ ਪਾਕਿਸਤਾਨ ਨੂੰ ਵੀ ਮੈਂਬਰ ਵਜੋਂ ਸ਼ਾਮਲ ਕਰ ਲਿਆ ਜਾਵੇਗਾ। ਪ੍ਰਧਾਨ ਮੰਤਰੀ ਭੁਟੋ ਸਮੇਂ ਪਾਕਿਸਤਾਨ ਕਾਮਨਵੈਲਥ ਵਿਚੋਂ ਬਾਹਰ ਨਿਕਲ ਗਿਆ ਸੀ।

ਪਤਾ ਲੱਗਾ ਹੈ ਕਿ ਵੈਨਕੂਵਰ ਪੁਲਸ ਨੂੰ ਰੀਜ਼ਰਵ ਫੋਰਸ ਬੁਲਾਉਣ ਉਤੇ 4 ਲੱਖ ਡਾਲਰ ਖਰਚਣਾ ਪਵੇਗਾ ਤਾਂਕਿ ਬਦੇਸ਼ੀ ਨੇਤਾਵਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਸੱਤ ਲੱਖ ਡਾਲਰ ਵੈਨਕੂਵਰ ਪੁਲਸ ਨੂੰ ਰੈਗੂਲਰ ਡਿਊਟੀ ਦੇ ਰਹੇ ਪੁਲਸ ਵਾਲਿਆਂ ਤੇ ਖਰਚਣਾ ਪਵੇਗਾ

# ਸਰਕਾਰੀ ਮੁਲਾਜ਼ਮਾਂ ਵਲੋਂ ਦਿੱਲੀ ਵਿਚ ਜ਼ਬਰਦਸਤ ਮੁਜ਼ਾਹਰਾ

ਨਵੀਂ ਦਿੱਲੀ — ਸਰਕਾਰੀ ਮੁਲਾਜ਼ਮਾਂ ਵਲੋਂ ਇਥੇ ਇਕ ਭਾਰੀ ਮੁਜ਼ਾਹਰੇ ਸਮੇਂ ਮੁਜ਼ਾਹਰਾਕਾਰਾਂ ਅਤੇ ਪੁਲਸ ਵਿਚਕਾਰ ਟੱਕਰ ਸਮੇਂ 50 ਸਰਕਾਰੀ ਮੁਲਾਜ਼ਮ ਜ਼ਖਮੀ ਹੋ ਗਏ। ਸਰਕਾਰੀ ਕਰਮਚਾਰੀ ਆਪਣੀਆਂ ਤਨਖਾਹਾਂ ਵਿਚ ਵਾਧੇ ਲਈ ਮੰਗ ਕਰ ਰਹੇ ਸਨ।

ਮੁਜ਼ਾਹਰੇ ਵਿਚ ਸ਼ਾਮਲ 50 ਹਜ਼ਾਰ ਮੁਲਾਜ਼ਮਾਂ ਨੇ ਸਰਕਾਰ ਵਿਰੁੱਧ ਨਾਅਰੇ ਲਾਏ ਅਤੇ ਜਦ ਹਜੂਮ ਗੁੱਸੇ ਵਿਚ ਆ ਗਿਆ ਤਾਂ ਪੁਲਸ ਉਤੇ ਇੱਟਾਂ ਵੱਟਿਆਂ ਦੀ ਵਰਖਾ ਸ਼ੁਰੂ ਹੋ ਗਈ।

ਪੁਲਸ ਨੇ ਲਾਠੀਆਂ ਚਲਾਈਆਂ ਜਿਸਦੇ ਸਿੱਟੇ ਵਜੋਂ ਪੰਜਾਹ ਤੋਂ ਉਪਰ ਸਰਕਾਰੀ ਕਰਮਚਾਰੀ ਫੱਟੜ ਹੋਏ। ਪੁਲਸ ਨੇ ਹੰਝੂ ਗੈਸ ਦੀ ਵੀ ਵਰਤੋਂ ਕੀਤੀ। ਸਰਕਾਰੀ ਕਰਮਚਾਰੀਆਂ ਵਿਚ ਸਰਕਾਰ ਵਿਰੁੱਧ ਗੁੱਸੇ ਦੀ ਭਾਵਨਾ ਪਾਈ ਜਾਂਦੀ ਹੈ।

# ਭਾਰਤ-ਸੋਵੀਅਤ ਵਪਾਰ ਢਾਈ ਗੁਣਾਂ ਵਧੇਗਾ

ਨਵੀਂ ਦਿੱਲੀ — ਅਗਲੇ ਪੰਜਾਂ ਸਾਲਾਂ ਵਿਚ ਭਾਰਤ-ਸੋਵੀਅਤ ਵਪਾਰ ਵਿਚ ਢਾਈ ਗੁਣਾਂ ਵਾਧਾ ਹੋਵੇਗਾ। ਇਕ ਸਰਕਾਰੀ ਬੁਲਾਰੇ ਅਨੁਸਾਰ ਅੱਠਵੀਂ ਪੰਜ ਸਾਲਾ ਯੋਜਨਾ ਦਾ ਮਸੌਦਾ ਤਿਆਰ ਕਰ ਲਿਆ ਹੈ ਅਤੇ ਪਲੈਨਿੰਗ ਕਮਿਸ਼ਨ ਨੇ ਇਸ ਨੂੰ ਅੰਤਿਮ ਰੂਪ ਦੇ ਦਿੱਤਾ ਹੈ।

ਭਾਰਤ ਨੂੰ ਸੋਵੀਅਤ ਵਿਚ ਉਸਾਰੀ ਦੇ ਠੇਕੇ ਵੀ ਮਿਲਣੇ ਸ਼ੁਰੂ ਹੋ ਗਏ ਹਨ। ਭਾਰਤ ਦੀ ਇਕ ਕੰਪਨੀ ਨੂੰ ਤਿੰਨ ਹੋਟਲ ਬਣਾਉਣ ਦੇ ਠੇਕੇ ਸਮਰਕੰਦ, ਤਾਸ਼ਕੰਦ ਆਦਿ ਥਾਵਾਂ ਉਤੇ ਮਿਲੇ ਹਨ।

# ਭਾਰਤ ਵਲੋਂ ਹਵਾਈ ਮੀਜ਼ਾਈਲਾਂ ਤਿਆਰ

ਨਵੀਂ ਦਿੱਲੀ — ਭਾਰਤ ਨੇ ਇਕ ਅਜਿਹੀ ਹਵਾਈ ਮੀਜ਼ਾਈਲ ਤਿਆਰ ਕਰ ਲਈ ਹੈ ਜੋ 150 ਮੀਲ ਤੱਕ ਮਾਰ ਕਰ ਸਕਦੀ ਹੈ। ਇਸ ਮੀਜ਼ਾਈਲ ਦਾ ਭਾਰ ਇਕ ਟਨ ਦੇ ਕਰੀਬ ਦੱਸਿਆ ਜਾਂਦਾ ਹੈ।

ਖਬਰਾਂ ਅਨੁਸਾਰ ਭਾਰਤ ਛੇਤੀ ਹੀ ਇਕ ਅਜਿਹੀ ਐਂਟੀ-ਟੈਂਕ ਮੀਜ਼ਾਈਲ ਬਣਾ ਲਵੇਗਾ ਜੋ ਚਾਰ ਕਿਲੋਮੀਟਰ ਤੱਕ ਮਾਰ ਕਰ ਸਕੇਗੀ ਅਤੇ ਇਸ ਵਿਚ ਕੋਈ ਬਾਰੂਦ ਨਹੀਂ ਵਰਤਿਆ ਜਾਵੇਗਾ।

# ਸਾਬਕਾ ਸੀ. ਆਈ. ਏ. ਡਾਇਰੈਕਟਰ ਚਲ ਵਸਿਆ

ਗਲੈਨਕੋਟ(ਨਿਊਯਾਰਕ) — ਦਿਮਾਗੀ ਕੈਂਸਰ ਦਾ ਮਰੀਜ਼ ਅਮਰੀਕਾ ਦੀ ਬਦਨਾਮ ਏਜੰਸੀ ਸੀ. ਆਈ. ਏ. ਦਾ ਸਾਬਕਾ ਡਾਇਰੈਕਟਰ ਵਿਲੀਅਮ ਕੇਸੀ ਕੱਲ੍ਹ ਚਲ ਵਸਿਆ। ਉਸਦੀ ਉਮਰ 74 ਸਾਲ ਸੀ। ਕੇਸੀ ਦੀ ਮੌਤ ਨਮੂਨੀਏ ਕਾਰਨ ਹੋਈ। ਵਿਲੀਅਮ ਕੇਸੀ 1981 ਤੋਂ ਜਨਵਰੀ 1987 ਤੱਕ ਸੀ. ਆਈ. ਏ. ਦਾ ਡਾਇਰੈਕਟਰ ਰਿਹਾ।

ਮੰਗਲਵਾਰ ਨੂੰ ਰੀਟਾਇਰਡ ਮੇਜਰ ਜਨਰਲ ਸੀਕੌਰਡ ਨੇ ਵਾਸ਼ਿੰਗਟਨ ਵਿਚ ਆਪਣੀ ਗਵਾਹੀ ਦਿੰਦਿਆਂ ਕਿਹਾ ਕਿ ਈਰਾਨ ਹਥਿਆਰ ਸਕੈਂਡਲ ਵਿਚ ਵਿਲੀਅਮ ਕੇਸੀ ਦਾ ਵੀ ਹੱਥ ਸੀ।

ਪਿਛਲੀ ਨਵੰਬਰ ਵਿਚ ਕੇਸੀ ਨੇ ਕਿਹਾ ਸੀ ਕਿ ਨਿਕਰਾਗਵਾ ਦੇ ਬਾਗੀਆਂ ਨੂੰ ਹਥਿਆਰ ਦੇਣ ਵਿਚ ਉਸ ਦਾ ਹੱਥ ਨਹੀਂ ਪਰ ਸੀਕੌਰਡ ਨੇ ਕਿਹਾ ਕਿ ਉਹ ਦੋ ਵਾਰ ਵਿਲੀਅਮ ਕੇਸੀ ਨੂੰ ਇਸ ਸਬੰਧ ਵਿਚ ਮਿਲਿਆ ਸੀ।

ਇਹ ਵੱਖਰੀ ਗੱਲ ਹੈ ਮੰਜ਼ਲ ਮੇਰੀ ਲੱਭੇ ਨਾ ਲੱਭੇ
ਉਡਾਂਗਾ, ਜ਼ੋਰ ਲਾਵਾਂਗਾ, ਮੈਂ ਪੰਛੀ ਦੇ ਪਰਾਂ ਵਾਗੂੰ।


# ਫਾਰਮਾਂ ਵਿਚ ਕੰਮ ਕਰਨ ਵਾਲਿਆਂ ਲਈ

# ਖੁਸ਼ਖਬਰੀ!

- ਕੰਮ ਘੰਟਿਆਂ ਦਾ ਸ਼ੁਰੂ ਹੋ ਗਿਆ ਹੈ
- ਪਿਛਲੇ ਸਾਲਾਂ ਵਾਂਗ ਕੰਮ ਹੁਣ ਤੋਂ ਲੈ ਕੇ ਨਵੰਬਰ ਤੱਕ ਚੱਲੇਗਾ
- ਪਹਿਲੇ ਸਾਲ ਦੀ ਸਟਰਾਅ ਬੇਰੀ, ਰਸ ਬੇਰੀ, ਬਲੂ ਬੇਰੀ, ਕਰੈਨ ਬੇਰੀ, ਸਪਰਾਊਟ ਅਤੇ ਸਬਜ਼ੀਆਂ ਦਾ ਕੰਮ ਹੋਵੇਗਾ।
- ਵਰਕਰਾਂ ਦੇ ਕੰਮ 'ਤੇ ਆਉਣ ਜਾਣ ਵਾਸਤੇ ਪੂਰੀ ਸਹੂਲਤ ਹੋਵੇਗੀ
- ਤਨਖਾਹ ਦੋ ਹਫਤਿਆਂ ਬਾਅਦ ਦਿਤੀ ਜਾਵੇਗੀ
- ਕੰਮ ਕੀਤੇ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ
- ਸਾਰੇ ਲੋਅਰ ਮੇਨਲੈਂਡ ਤੋਂ ਕੰਮ ਕਰਨ ਵਾਲਿਆਂ ਨੂੰ ਘਰੋਂ ਲਿਜਾਣ ਤੇ ਛੱਡਣ ਦਾ ਪ੍ਰਬੰਧ ਹੋਵੇਗਾ
- ਘੰਟੇ ਦਾ ਰੇਟ ਚਾਰ ਡਾਲਰ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ ਕਰੋ: **584-8359**

**Bining Enterprises Ltd.**

# ਹਰਜੀਤ ਸਿੰਘ ਅਟਵਾਲ ਦੇ ਫ਼ੋਨ ਰੀਕਾਰਡ ਕਰਨੇ ਕਾਨੂੰਨੀ ਤੌਰ ਉਤੇ ਸਹੀ ਕਰਾਰ

ਵੈਨਕੂਵਰ — 'ਵੈਨਕੂਵਰ ਸਨ' ਦੀ ਖਬਰ ਅਨੁਸਾਰ ਕੈਨੇਡਾ ਦੀ ਖੁਫੀਆ ਏਜੰਸੀ ਵਲੋਂ ਹਰਜੀਤ ਸਿੰਘ ਅਟਵਾਲ ਦੇ ਫੋਨ ਰੀਕਾਰਡ ਕੀਤੇ ਜਾਣੇ ਫੈਡਰਲ ਕੋਰਟ ਆਫ਼ ਕੈਨੇਡਾ ਵੱਲੋਂ ਜਾਇਜ਼ ਕਰਾਰ ਦਿਤੇ ਗਏ ਹਨ। ਹਰਜੀਤ ਸਿੰਘ ਅਟਵਾਲ ਉਨ੍ਹਾਂ ਨੌਂ ਵਿਅਕਤੀਆਂ ਵਿਚ ਸ਼ਾਮਲ ਹੈ ਜਿਨ੍ਹਾਂ ਉਤੇ ਪੰਜਾਬ ਦੇ ਯੋਜਨਾ ਮੰਤਰੀ ਮਲਕੀਤ ਸਿੰਘ ਸਿੱਧੂ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਕਥਿਤ ਦੋਸ਼ ਹੈ। ਯਾਦ ਰਹੇ ਕਿ ਮਲਕੀਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲੇ ਦੇ ਦੋਸ਼ ਵਿਚ ਚਾਰ ਵਿਅਕਤੀ ਪਹਿਲਾਂ ਹੀ 20,20 ਸਾਲ ਦੀ ਕੈਦ ਹੋ ਚੁੱਕੇ ਹਨ ਜਿਨ੍ਹਾਂ ਵਿਚ ਨੀਊਵੈਸਟ ਗੁਰਦੁਆਰੇ ਦਾ ਸਾਬਕਾ ਮੀਤ-ਪ੍ਰਧਾਨ ਜਸਪਾਲ ਸਿੰਘ ਅਟਵਾਲ ਵੀ ਸ਼ਾਮਲ ਹੈ।

ਜਸਟਿਸ ਵਰਨਰ ਹੀਲਡ ਨੇ ਉਹ ਅਰਜ਼ੀ ਰੱਦ ਕਰ ਦਿੱਤੀ ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਇਹ ਵਾਰੰਟ ਮਨਸੂਖ ਕਰ ਦਿਤੇ ਜਾਣ ਖਬਰ ਵਿਚ ਦੱਸਿਆ ਗਿਆ ਹੈ ਕਿ ਅਜਿਹੇ ਵਾਰੰਟ ਕੈਨੇਡਾ ਵਿਚ ਪਹਿਲੀ ਵਾਰ ਜਾਰੀ ਕੀਤੇ ਗਏ ਹਨ। ਵਾਰੰਟ ਵਿਚ ਇਹ ਵੀ ਸ਼ਾਮਲ ਸੀ ਕਿ ਖੁਫ਼ੀਆ ਏਜੰਸੀ ਹਰਜੀਤ ਸਿੰਘ ਅਟਵਾਲ ਦੇ ਘਰ ਜਾਂ ਅਜਿਹੀ ਥਾਂ ਜੋ ਉਹ ਆਰਜ਼ੀ ਤੌਰ ਉਤੇ ਵਰਤ ਰਿਹਾ ਹੋਵੇ ਉਸ ਵਿਚ ਅਜਿਹੇ ਯੰਤਰ ਲਾਏ ਜਾਣ ਤਾਂ ਕਿ ਉਸਦੀ ਗੱਲਬਾਤ ਰੀਕਾਰਡ ਹੋ ਸਕੇ। ਅਟਵਾਲ ਅਤੇ ਉਸਦੇ ਵਕੀਲ ਡੇਵਿਡ ਗਿਬਨਜ਼ ਵਿਚਕਾਰ ਗੱਲਬਾਤ ਵੀ ਰੀਕਾਰਡ ਹੁੰਦੀ ਰਹੀ।

ਅਟਵਾਲ ਦੇ ਵਕੀਲ ਨੇ ਕਿਹਾ ਸੀ ਕਿ ਮਨੁੱਖੀ ਹੱਕਾਂ ਦੇ ਚਾਰਟਰ ਮੁਤਾਬਕ ਇਹ ਵਾਰੰਟ ਸਹੀ ਨਹੀਂ ਹਨ। ਵਾਰੰਟ ਉਤੇ ਜੱਜ ਦਾ ਨਾਂ ਵੀ ਨਹੀਂ ਦਿਤਾ ਗਿਆ। ਸਰਕਾਰੀ ਵਕੀਲ ਜਿਮ ਟੇਲਰ ਨੇ ਕਿਹਾ ਕਿ ਜੱਜ ਦਾ ਨਾਂ ਇਸ ਲਈ ਗੁਪਤ ਰੱਖਿਆ ਗਿਆ ਕਿਉਂਕਿ ਕੇਸ ਵਿਚ ਸ਼ੱਕੀ ਦਹਿਸ਼ਤਪਸੰਦ ਸਬੰਧਤ ਸਨ।

54 ਸਫ਼ੇ ਦੀ ਰੀਪੋਰਟ ਵਿਚ ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਅਜਿਹੇ ਵਾਰੰਟ ਜਾਰੀ ਕਰਨੇ ਜਾਇਜ਼ ਹਨ।

# ਤਿੰਨ ਅਤਿਵਾਦੀ ਮਰੇ, ਤਿੰਨ ਫੜੇ ਗਏ

## ਸੀ. ਆਰ. ਪੀ. ਦਾ ਇਕ ਸਿਪਾਹੀ ਜ਼ਖਮੀ

ਚੰਡੀਗੜ੍ਹ — ਪਿਛਲੇ 48 ਘੰਟੇ ਦੌਰਾਨ ਪੰਜਾਬ ਵਿਚ ਤਿੰਨ ਅਤਿਵਾਦੀ ਮਾਰੇ ਗਏ ਅਤੇ ਤਿੰਨ ਪਟਿਆਲੇ ਵਿਚ ਫੜੇ ਗਏ। ਬੁੱਧਵਾਰ ਨੂੰ ਕੁੱਲ ਚਾਰ ਵਿਅਕਤੀ ਮਰੇ ਜਿਨ੍ਹਾਂ ਵਿਚ ਤਿੰਨ ਦਹਿਸ਼ਤਪਸੰਦ ਵੀ ਸ਼ਾਮਲ ਹਨ।

ਇਕ ਘਟਨਾ ਵਿਚ ਇਕ ਸੀ. ਆਰ. ਪੀ. ਦਾ ਸਿਪਾਹੀ ਜ਼ਖਮੀ ਹੋਇਆ ਅਤੇ ਇਕ ਕਥਿਤ ਅਤਿਵਾਦੀ ਵੀ ਮੁਕਾਬਲੇ ਵਿਚ ਫੱਟੜ ਹੋਇਆ।

# ਰਿਚਮੰਡ ਦੀ ਮਸਜਿਦ — ਹੇਰਾ ਫੇਰੀਆਂ ਦਾ ਕੇਂਦਰ

ਰਿਚਮੰਡ — ਚੈਕਾਂ ਵਿਚ ਹੇਰਾ ਫੇਰੀ, ਬੇਹੱਦ ਖਰਚੇ ਰਿਚਮੰਡ ਦੀ ਮਸੀਤ ਬਾਰੇ ਆਮ ਚਰਚਾ ਬਣੇ ਹੋਏ ਹਨ। ਪ੍ਰੋਵਿੰਸ ਵਲੋਂ ਅੰਦਰੂਨੀ ਛਾਣਬੀਣ ਦੀ ਰੀਪੋਰਟ ਦੱਸਦੀ ਹੈ ਕਿ ਇਕ ਅਜ਼ਾਦ ਤੌਰ ਤੇ ਬਣਾਏ ਇਸਲਾਮੀ ਸਕੂਲ ਦਾ ਖਰਚ ਜੋ ਕਿ ਬਲੰਡਲ ਤੇ ਬਣੀ ਮਸੀਤ ਦੇ ਨਾਲ ਹੀ ਹੈ, ਸਿਰਫ 35,000 ਦੀ ਲਾਗਤ ਦਾ ਅਨੁਮਾਨ ਸੀ। ਪਰ ਇਹ ਕੀਮਤਾਂ ਅਸਮਾਨੀਂ ਚੜ੍ਹੇ ਭਾਅ 69,000 ਹੋ ਗਈਆਂ ਹਨ ਜਦ ਕਿ ਪਰਾਜੈਕਟ ਅਜੇ ਪੂਰਾ ਮੁਕੰਮਲ ਨਹੀਂ ਹੋਇਆ ਹੈ।

ਇਹ ਰੀਪੋਰਟ ਨਵੰਬਰ 1986 ਵਿਚ ਬੀ. ਸੀ. ਮੁਸਲਮ ਐਸੋ: ਦੀ ਪੰਜ-ਮੈਂਬਰੀ ਕਮੇਟੀ ਵਲੋਂ ਤਿਆਰ ਕੀਤੀ ਸੀ। 'ਸਕੂਲ ਪੜਤਾਲ ਕਮੇਟੀ ਦੀ ਰੀਪੋਰਟ' ਨਾਮੀ ਸਿਰਲੇਖ ਹੇਠ ਇਹ 57 ਸਫੇ ਦਾ ਕਿਤਾਬਚਾ ਦਸਦਾ ਹੈ ਕਿ "ਸ਼ੁਰੂ ਤੋਂ ਹੀ ਇਕ ਵਖਰੇ ਤੇ ਅਜ਼ਾਦਾਨਾ ਇਸਲਾਮੀ ਸਕੂਲ ਦਾ ਪਵਿਤਰ ਖਿਆਲ ਬਹੁਤਾ ਗੌਲਿਆਂ ਬਿਨਾਂ ਹੀ ਤੇ ਛੇਤੀ ਨਾਲ ਲਾਗੂ ਕੀਤਾ ਗਿਆ ਸੀ।

ਰੀਪੋਰਟ ਵਿਚ 14 "ਆਰਥਕ ਬੇ-ਤਰਤੀਬੀਆਂ" ਤੇ 5 "ਪ੍ਰਬੰਧਕੀ ਘਾਟਾਂ" ਦਾ ਜ਼ਿਕਰ ਹੈ ਜਿਸ ਵਿਚ ਇਕ ਡਾਇਰੈਕਟਰ ਵਲੋਂ ਸਕੂਲ ਦੇ ਖਾਤੇ 'ਚੋਂ 700 ਡਾਲਰ ਦੀ ਚੈਕ ਹੇਰਾ ਫੇਰੀ ਨਾਲ ਆਪਣੇ ਬਿਜ਼ਨਿਸ ਅਕਾਊਂਟ 'ਚ ਜਮਾਂ ਕਰਨ ਦਾ ਦੋਸ਼ ਵੀ ਸ਼ਾਮਲ ਹੈ।

ਰੀਪੋਰਟ ਨੇ ਸਿਫਾਰਸ਼ ਕੀਤੀ ਸੀ ਕਿ ਚੈਕ ਬਾਰੇ ਜੋ ਕਿ ਕਿਸੇ ਕਨਸਲਟੈਂਟ ਨੂੰ ਹੇਰਾ ਫੇਰੀ ਕਰਕੇ ਦਿੱਤੀ ਦਿਖਾਈ ਗਈ ਹੈ, ਬਾਰੇ ਸਬੰਧਤ ਅਧਿਕਾਰੀਆਂ ਨੂੰ ਡੂੰਘੀ ਛਾਣਬੀਣ ਕਰਨੀ ਚਾਹੀਦੀ ਹੈ। ਅਗੋਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹੇਰਾ ਫੇਰੀ ਵਾਲੇ ਤਿੰਨ ਜਾਣੇ ਤੇ ਮੌਕੇ ਦੇ ਸਕੂਲ ਬੋਰਡ ਡਾਇਰੈਕਟਰਾਂ ਨੂੰ ਸਕੂਲ ਦੇ ਸੀਵਰ ਸਿਸਟਮ 'ਚ ਕੀਤੇ 55,000 ਡਾਲਰ ਦੇ ਨੁਕਸਾਨ ਬਾਰੇ ਜ਼ਿਮੇਵਾਰ ਠਹਿਰਾਇਆ ਜਾਵੇ।

3 ਮਈ ਨੂੰ ਅਖਬਾਰ ਵਲੋਂ ਮਸੀਤ ਦੇ ਬੋਰਡ ਮੈਂਬਰ ਨੂੰ ਮਿਲਣ ਵੇਲੇ ਉਸ ਨੇ ਰੀਪੋਰਟ ਤੇ ਬਹਿਸ ਕਰਨ ਅਤੇ ਆਪਣਾ ਨਾਂ ਦੱਸਣ ਤੋਂ ਇਨਕਾਰ ਕਰ ਦਿਤਾ। ਉਸ ਵਿਅਕਤੀ ਨੇ ਕਿਹਾ, "ਇਹ ਅੰਦਰੂਨੀ ਮਸਲਾ ਹੈ ਨਾ ਕਿ ਪਬਲਿਕ ਦਾ। ਇਹ ਬੋਰਡ ਦੇ ਹੱਥਾਂ ਵਿਚ ਹੈ ਸਾਡੇ ਕੰਮਾਂ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਨਾ ਕਰੋ।"


## ਫਾਰਮ ਵਰਕਰਾਂ ਦੀ ਲੋੜ ਹੈ

ਫੋਰਟ ਲੈਂਗਲੀ 'ਚ ਸਥਿਤ ਫਾਰਮ'ਚ ਕੰਮ ਸ਼ੁਰੂ ਹੈ। ਘਰੋਂ ਚੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ। ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਸ਼ੁਰੂ ਕਰਨ ਲਈ ਫੋਨ ਕਰੋ:

ਜਸਮਿੰਦਰ ਸਿੰਘ ਘੁਮਾਣ
591-9459
ਜਾਂ
ਜੋਗਿੰਦਰ ਸਿੰਘ ਗਿੱਲ (ਕੌਂਕੇ)
590-1438



PIZZA 222
222 IS # 1
222 IS 2 FOR 1



ORDER 2 PAY FOR 1
EVERY DAY
THIS OFFER APPLIES TO ALL LARGE,MEDIUM OR SMALL PIZZAS ON MENU

ਹੌਟ ਅਤੇ ਫਾਸਟ ਪੀਜ਼ੇ ਲਈ ਫੋਨ ਕਰੋ:
222-2222

222
ਦੇ ਸਟੋਰਾਂ ਵਿਚ Low Fat ਮੀਟ, ਅਸਲੀ ਚੀਜ਼ (cheese) ਤੇ ਤਾਜ਼ੀਆਂ ਸਬਜ਼ੀਆਂ ਹੀ ਵਰਤੀਆਂ ਜਾਂਦੀਆਂ ਹਨ

ਤੁਹਾਡੇ ਕਹਿਣ ਤੇ ਪੰਜਾਬੀ ਵਿਚ ਵੀ ਆਰਡਰ ਲਿਆ ਜਾ ਸਕਦਾ ਹੈ

ਭਾਰਤੀ ਕਮਿਊਨਿਟੀ ਦੇ ਸਭ ਤੋਂ ਮਨਪਸੰਦ ਪੀਜ਼ੇ ਹੇਠ ਲਿਖੇ ਹਨ

1. 222 Special (222 ਸਪੈਸ਼ਲ)
Cheese, Tomato Sauce, Pepperoni, Mushroom, Onions, Green Peppers and Ham. (Extra hot upon request)

2. 222 Vegetarian (ਵੈਜੀਟੇਰੀਅਨ)
(Cheese, Tomato Sauce, Mushrooms, Green Peppers, Onions Pineapple, Olives, Tomatoes)

Free Delivery on single orders
$ 1.99 Delivery charge for all 2 for 1 orders

ਤੁਹਾਡੀ ਸੇਵਾ ਲਈ 17 ਸਟੋਰ

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਅਮਰੀਕੀ ਖੁਫੀਆ ਏਜੰਸੀ ਵੱਲੋਂ ਤਿਆਰ ਕੀਤਾ ਭਾਰਤ ਦਾ ਨਵਾਂ ਭਗਵਾਨ ਚੰਦਰਾ ਸਵਾਮੀ

ਖੜਕ ਸਿੰਘ

* ਅਰਬ ਪਤੀ ਭਗਵਾਨ ਭਾਰਤੀ ਸਿਆਸਤਦਾਨਾਂ ਅਤੇ ਸੀ.ਆਈ.ਏ.ਵਿਚਕਾਰ ਇਕ ਕੜੀ ਦਾ ਕੰਮ ਕਰ ਰਿਹਾ ਹੈ।

* ਦਾਰਾ ਸਿੰਘ ਫਿਲਮ ਅਭਿਨੇਤਾ ਤੋਂ ਲੈ ਕੇ ਰੇਖਾ ਅਤੇ ਰਾਜ ਬੱਬਰ ਦਾ ਭਗਵਾਨ ਅਸਲ ਵਿਚ ਕੀ ਚੀਜ਼ ਹੈ।

* ਰੀਗਨ ਦੀ ਪੁੱਤਰੀ ਦਾ ਗੁਰੂ ਚੰਦਰਾ ਸੁਆਮੀ ਮੰਤਰ ਦਾ ਢਕੌਂਜ ਰਚਕੇ ਸਾਰੀ ਦੁਨੀਆਂ ਦੇ ਦੌਰੇ ਕਰਦਾ ਹੈ।

* ਚੰਦਰਾ ਸੁਆਮੀ ਇਕ ਬਹਿਰੇ ਤੋਂ ਅਰਬਪਤੀ ਕਿਵੇਂ ਬਣ ਗਿਆ ?

* ਬੂਟਾ ਸਿੰਘ ਨਰਸਿਮਹਾ ਰਾਉ ਅਤੇ ਵਿਦੇਸ਼ ਸਚੀਉ ਰਾਮੇਸ਼ ਭੰਡਾਰੀ ਅਤੇ ਚੰਦਰ ਸ਼ੇਖਰ ਨਾਲ ਨਵੇਂ ਭਗਵਾਨ ਦੀ ਦੋਸਤੀ !

ਆਜ਼ਾਦੀ ਜਮਹੂਰੀਅਤ ਅਤੇ ਦੇਸ਼ ਪ੍ਰੇਮ ਦੇ ਗਲਟ ਵਿਚ ਲਿਪਟੇ ਭਾਰਤੀ ਸਿਆਸਤਦਾਨ ਕੇਂਦਰੀ ਮੰਤਰੀ ਅਤੇ ਮਹਾਂਮੰਤਰੀ ਤੱਕ ਅਸਲ ਵਿਚ ਕੀ ਹਨ ਅਤੇ ਇਨ੍ਹਾਂ ਨਾਲ ਸਾਮਰਾਜ ਦੀਆਂ ਸੂਹੀਆਂ ਏਜੰਸੀਆਂ ਕਿਵੇਂ ਸਬੰਧ ਰੱਖਦੀਆਂ ਹਨ ਇਸਦੀ ਸਭ ਤੋਂ ਹੈਰਾਨੀਜਨ ਅਤੇ ਖਤਰਨਾਕ ਕੜੀ ਹੈ ਨਵੀਂ ਕਿਸਮ ਦੇ ਭਗਵਾਨ ਜਿਹੜੇ ਜਿਹੜੇ ਜੰਤਰ ਮੰਤਰ ਦਾ ਢਕੌਂਜ ਰਚਕੇ ਵਿਦੇਸ਼ਾਂ ਵਿਚ ਘੁੰਮਦੇ ਹਨ ਤੇ ਬਹੁਤ ਹੀ ਮਹੱਤਵਪੂਰਨ ਭੇਦਾਂ ਨੂੰ ਵਿਦੇਸ਼ੀ ਖੁਫੀਆ ਏਜੰਸੀ ਕੋਲ ਪਹੁੰਚਾਕੇ ਕਰੋੜਾਂ ਰੁਪਿਆ ਪ੍ਰਾਪਤ ਕਰਦੇ ਹਨ। ਬਹੁਤ ਸਾਰੇ "ਭਗਵਾਨਾਂ"ਵਿਚੋਂ ਇਕ ਨਵਾਂ ਭਗਵਾਨ ਵਿਦੇਸ਼ੀ ਅਤੇ ਭਾਰਤੀ ਪ੍ਰੈਸ ਰਾਹੀਂ ਚਰਚਿਤ ਹੋਇਆ ਜਿਸਨੇ ਭਾਰਤੀ ਰਾਜਨੀਤੀ ਅਤੇ ਸਭਿਆਚਾਰ ਅੰਦਰ ਇਕ ਵਿਸਤਰਤ ਜਾਲ ਵਿਛਾ ਰੱਖਿਆ,ਇਹ ਭਗਵਾਨ ਕਿਵੇਂ ਆਪਣਾ ਕਾਰੋਬਾਰ ਚਲਾ ਰਿਹਾ ਹੈ ਇਸ ਬਾਰੇ ਜਾਨਣ ਲਈ ਆਓ ਇਸਦੀਆਂ ਸਰਗਰਮੀਆਂ ਅਤੇ ਸਬੰਧਾਂ ਦਾ ਵਿਸਤਰਤ ਸਿਲਸਲਾ ਜਾਨਣ ਦੀ ਕੋਸ਼ਿਸ਼ ਕਰੀਏ।

ਬਰਤਾਨੀਆਂ ਦੀਆਂ ਅਖਬਾਰਾਂ ਨੇ ਸਭ ਤੋਂ ਪਹਿਲਾਂ ਚੰਦਰਾ ਸੁਆਮੀ ਦੀ ਚਰਚਾ ਉਸ ਸਮੇਂ ਕੀਤੀ ਜਦੋਂ ਇਕ ਮਸ਼ਹੂਰ ਡੀਪਾਰਟਮੈਂਟਲ ਸਟੋਰ ਦੀ ਖਰੀਦ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਟੋਰ ਨੂੰ 12 ਸੌ ਕਰੋੜ ਵਿਚ ਖਰੀਦਿਆ ਗਿਆ। ਜਦੋਂ ਇਸ ਮਾਮਲੇ ਬਾਰੇ ਜਾਂਚ ਪੜਤਾਲ ਹੋਈ ਤਾਂ ਪਤਾ ਲੱਗਾ ਕਿ ਇਸ ਖਰੀਦਦਾਰੀ ਪਿਛੇ ਇਕ ਅੰਤਰ ਰਾਸ਼ਟਰੀ ਗਿਰੋਹ ਕੰਮ ਕਰ ਰਿਹਾ ਹੈ।

**ਇਸ ਗਰੋਹ ਦੇ ਸਰਗਣੇ ਹਨ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਥੈਚਰ ਦਾ ਪੁੱਤਰ ਮਾਰਕ ਥੈਚਰ,ਦੁਨੀਆਂ ਦਾ ਮਸ਼ਹੂਰ ਸਮਗਲਰ ! ਅਦਾਨ ਖਗੋਸ਼ੀ,ਭਾਰਤੀ ਭਗਵਾਨ ਚੰਦਰਾ ਸੁਆਮੀ ਅਤੇ ਇਸਦਾ ਸਕੱਤਰ ਕੈਲਾਸ਼ ਨਾਥ ਉਰਫ ਮਾਮਾ ਜੀ ਇਕ ਨਿੱਕੇ ਜਿਹੇ ਦੇਸ਼ ਬਨੋਈ ਦਾ ਸੁਲਤਾਨ ਮੁਦਾ ਹਸਨਾਲ ਬੋਲਕੀਆ ਜੋ ਦੁਨੀਆਂ ਦਾ ਅਮੀਰ ਆਦਮੀ ਹੈ।**

ਇਹ ਹੈ ਉਹ ਗਰੋਹ ਜੋ ਚੰਦਰਾ ਸੁਆਮੀ ਦੇ ਸੰਪਰਕ ਵਿਚ ਹੈ ਅਤੇ ਇਹ ਸਾਰੇ ਵਿਅਕਤੀ ਇਹ ਦਾਅਵਾ ਕਰਦੇ ਹਨ ਕਿ ਚੰਦਰਾ ਸੁਆਮੀ ਵਿਚ ਗੈਬੀ ਸ਼ਕਤੀ ਹੈ ਜਿਸ ਨਾਲ ਉਹ ਹਰ ਕਿਸਮ ਦੇ ਦੁੱਖ ਦੂਰ ਕਰ ਦਿੰਦਾ ਹੈ। ਬਰਤਾਨੀਆਂ ਦੀ ਇਕ ਅਖਬਾਰ ਨੇ ਇਹ ਦਾਅਵਾ ਕੀਤਾ ਹੈ ਕਿ ਚੰਦਰਾ ਸੁਆਮੀ ਦੁਨੀਆਂ ਦੇ ਅਰਬਪਤੀ ਸਮਗਲਰਾਂ ਦੀਆਂ ਮਿਲਣੀਆਂ ਵੱਡੇ ਰਾਜ ਨੇਤਾਵਾਂ ਨਾਲ ਕਰਵਾ ਕੇ ਕਰੋੜਾਂ ਰੁਪਏ ਹਾਸਲ ਕਰ ਚੁੱਕਾ ਹੈ। ਆਲ ਫਿਆਦ ਦੀ ਬਨੋਈ ਦੇ ਸੁਲਤਾਨ ਨਾਲ ਇਕ ਮਿਲਣੀ ਕਰਾਉਣ ਬਦਲੇ ਚੰਦਰਾ ਸੁਆਮੀ ਨੇ 5 ਮਿਲੀਅਨ ਪਾਊਂਡ (180 ਕਰੋੜ ਰੁਪਿਆ)ਪ੍ਰਾਪਤ ਕੀਤੇ।

ਵਿਵਾਦ ਗ੍ਰਸਤ ਤੇ ਅਰਬਪਤੀ ਭਗਵਾਨ ਬਾਰੇ ਖੋਜਬੀਨ ਦਾ ਕੰਮ ਭਾਰਤ ਦੀਆਂ ਦੋ ਅੰਗਰੇਜ਼ੀ ਪੱਤਰਕਾਵਾਂ ਇਲਸਟ੍ਰੇਡਡ ਵੀਕਲੀ ਅਤੇ ਔਨ ਲੁਕਰ ਨੇ ਕੀਤਾ ਅਤੇ ਇਸਦੇ ਨਾਲ ਹੀ ਭਾਰਤ ਵਿਚ ਇਸਦਾ ਇਕ ਪੂਰਾ ਜਾਲ ਵੀ ਨੰਗਾ ਹੋ ਗਿਆ। ਸਿਰਫ ਹਿੰਦੀ ਵਿਚ ਹੀ ਗੱਲਬਾਤ ਕਰ ਸਕਣ ਵਾਲੇ ਇਸ ਭਗਵਾਨ ਨੇ ਵਿਦੇਸ਼ਾਂ ਵਿਚ ਆਪਣੇ ਚੇਲੇ ਅਤੇ ਚੇਲੀਆਂ ਕਿਵੇਂ ਬਣਾ ਲਏ ਇਹ ਬਹੁਤ ਹੀ ਅਜੀਬ ਕਹਾਣੀ ਹੈ ਤੇ ਇਸ ਪਿਛੇ ਛੁਪੀ ਹੈ ਉਹ ਅਸਲੀਅਤ ਜਿਸਨੂੰ ਵਿਦੇਸ਼ੀ ਖੁਫੀਆ ਏਜੰਸੀਆਂ ਸਾਧੂ ਸੰਤ ਦੇ ਬੁਰਕੇ ਵਿਚ ਛੁਪਾਉਣਾ ਚਾਹੁੰਦੀਆਂ ਹਨ।

ਰਾਜਸਥਾਨ ਦੇ ਅਲਵਰ ਜ਼ਿਲੇ ਵਿਚ ਪੈਦਾ ਹੋਏ ਇਸ ਤਾਂਤਰਿਕ ਭਗਵਾਨ ਨੇ ਸਭ ਤੋਂ ਪਹਿਲਾਂ ਇਕ ਘਰ ਵਿਚ ਖਾਨ ਸਾਮੇ ਦਾ ਕੰਮ ਤੇ ਕਰਕੇ ਆਪਣਾ ਜੀਵਨ ਸ਼ੁਰੂ ਕੀਤਾ ਅਤੇ ਬਾਅਦ ਵਿਚ ਪਾਖੰਡੀ ਸਾਧੂ ਬਣਕੇ ਇਹ ਪ੍ਰਚਾਰ ਕਰਨ ਲੱਗਾ ਕਿ ਹਿਮਾਚਲ ਦੇ ਪਹਾੜਾਂ ਤੇ ਉਸਨੂੰ ਉਡਣੇ ਸੱਪ ਨੇ ਡੱਸ ਦਿਤਾ ਸੀ ਅਤੇ ਉਸਦੀ ਜਾਨ ਇਕ ਅਜਿਹੇ ਰਿਸ਼ੀ ਨੇ ਬਚਾਈ ਜਿਹੜਾ ਕਈ ਸਾਲਾਂ ਤੋਂ ਪਹਾੜਾਂ ਵਿਚ ਤਪੱਸਿਆ ਕਰਦਾ ਹੈ।

**ਚੰਦਰਾ ਸੁਆਮੀ ਨੇ ਸਿਆਸੀ ਆਗੂਆਂ ਨਾਲ ਸੰਪਰਕ ਕਰਨ ਦਾ ਸਿਲਸਲਾ ਜੈ ਪ੍ਰਕਾਸ਼ ਨਰੈਣ ਨਾਲ ਸੰਪਰਕ ਤੋਂ ਸ਼ੁਰੂ ਕੀਤਾ। ਜੈ ਪ੍ਰਕਾਸ਼ ਨਰੈਣ ਖੁਦ ਵਿਦੇਸ਼ੀ ਏਜੰਟ ਸੀ ਤੇ ਉਸਨੇ ਹੀ ਪਹਿਲੀ ਵਾਰ ਇਸਨੂੰ 1974 ਵਿਚ ਵਿਦੇਸ਼ ਭੇਜਿਆ ਅਤੇ ਆਪਣੇ ਸੰਪਰਕ ਸੂਤਰਾਂ ਨੂੰ ਇਸ ਭਗਵਾਨ ਦੀ ਤਾਬਿਆਦਾਰੀ ਬਾਰੇ ਕਿਹਾ।**

ਚੰਦਰਾ ਸੁਆਮੀ ਆਪ ਮੰਨਦਾ ਹੈ ਕਿ "ਮੈਂ ਲੋਕ ਨਾਇਕ ਦਾ ਪੱਤਰ ਲੈ ਕੇ ਲੰਦਨ ਗਿਆ। ਇਸ ਪੱਤਰ ਵਿਚ ਉਨ੍ਹਾਂ ਕਿਹਾ ਸੀ ਕਿ ਇਸਨੂੰ ਅੰਗਰੇਜ਼ੀ ਨਹੀਂ ਆਉਂਦੀ ਇਸਦੀ ਮੱਦਦ ਕਰਨੀ। ਮੈਂ ਉਸ ਸਮੇਂ ਲੰਡਨ ਵਿਚ ਉਸ ਸਮੇਂ ਦੇ ਐਂਬੈਸੀ ਵਿਚਲੇ ਉਚ ਅਧਿਕਾਰੀ ਅਤੇ ਹੁਣ ਦੇ ਰਾਜ ਮੰਤਰੀ ਨਟਵਰ ਸਿੰਘ ਨੂੰ ਮਿਲਿਆ,ਉਨ੍ਹਾਂ ਨੂੰ ਮੈਂ ਪ੍ਰਭਾਵਤ ਕੀਤਾ ਅਤੇ ਉਨ੍ਹਾਂ ਨੇ ਹੀ ਮੈਨੂੰ ਥੈਚਰ ਨਾਲ ਮਿਲਵਾਇਆ।"ਉਸ ਸਮੇਂ ਇਹ ਵਿਰੋਧੀ ਦਲ ਦੀ ਨੇਤਾ ਸੀ। ਸੁਆਮੀ ਥੈਚਰ ਨਾਲ ਆਪਣੀ ਮਿਲਣੀ ਬਾਰੇ ਦੱਸਦਾ ਹੈ ਕਿ ਉਸਨੇ 15-20 ਮਿੰਟਾਂ ਦੀ ਗੱਲਬਾਤ ਨਾਲ ਹੀ ਉਸ ਨਾਲ ਗੂੜੇ ਸਬੰਧ ਕਾਇਮ ਕਰ ਲਏ।

ਇਸ ਪਿਛੋਂ ਇਸ ਨਵੇਂ ਭਗਵਾਨ ਨੇ ਅਮਰੀਕਾ ਦੇ ਰਾਸ਼ਟਰਪਤੀ

ਬਾਕੀ ਪੰਨਾ 6 'ਤੇ

# ਪੰਜਾਬ ਵਿਚ ਦਲ-ਬਦਲੂਆਂ ਦਾ ਹਸ਼ਰ

ਆਖਰ ਪੰਜਾਬ ਦੇ ਸਪੀਕਰ ਨੂੰ ਉਹ ਕਦਮ ਚੁਕਣਾ ਹੀ ਪਿਆ ਜਿਸਦੀ ਸੰਭਾਵਨਾ ਸੀ। 'ਆਇਆ ਰਾਮ ਤੇ ਗਿਆ ਰਾਮ' ਬਣੇ ਕੁਝ ਅਕਾਲੀ ਵਿਧਾਇਕ ਸਪੀਕਰ ਨੇ ਘਰਾਂ ਨੂੰ ਤੋਰ ਦਿਤੇ ਹਨ ਅਤੇ ਕੁਝ ਕੁ ਉਤੇ ਅਜੇ ਤਲਵਾਰ ਲਟਕ ਰਹੀ ਹੈ। 1967 ਵਿਚ ਪੰਜਾਬ ਵਿਚ ਜਦ ਪਹਿਲੀ ਫਰੰਟ ਵਜ਼ਾਰਤ ਬਣੀ ਤਾਂ ਕੁਝ ਚਿਰ ਪਿਛੋਂ ਲਛਮਣ ਸਿੰਘ ਗਿੱਲ ਅਤੇ ਜਗਜੀਤ ਸਿੰਘ ਚੌਹਾਨ ਦੋ ਅਜਿਹੇ ਪੰਜਾਬ ਵਿਚ ਪਹਿਲੇ ਦਲ-ਬਦਲੂ ਸਨ ਜਿਨ੍ਹਾਂ ਕਾਂਗਰਸ ਦੀ ਸ਼ਹਿ ਉਤੇ ਫਰੰਟ ਵਜ਼ਾਰਤ ਤੋੜੀ ਅਤੇ ਭਾਨਮਤੀ ਦਾ ਕੁਨਬਾ ਜੋੜ ਕੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਬਣ ਬੈਠੇ। ਇਨ੍ਹਾਂ ਦਲ-ਬਦਲੂਆਂ ਦਾ ਹਸ਼ਰ ਜੋ ਹੋਇਆ ਉਹ ਸਭ ਨੂੰ ਪਤਾ ਹੈ। 8-9 ਮਹੀਨੇ ਪਿਛੋਂ ਕਾਂਗਰਸ ਨੇ ਇਨ੍ਹਾਂ ਥੱਲਿਓਂ ਕੁਰਸੀ ਖਿਚ ਲਈ ਅਤੇ ਜਗਜੀਤ ਸਿੰਘ ਚੌਹਾਨ ਵਰਗੇ ਦਲ-ਬਦਲੂ ਦੇ ਪੈਰ ਮੁੜ ਪੰਜਾਬ ਵਿਚ ਨਾ ਲੱਗ ਸਕੇ। ਆਖਰ ਦਾਲ ਨਾ ਗਲਦੀ ਵੇਖ ਕੇ ਇਹ ਸ੍ਰੀਮਾਨ ਬਦੇਸ਼ਾਂ ਨੂੰ ਪੱਤਰਾ ਵਾਚ ਆਇਆ ਤੇ ਇਥੇ ਆ ਕੇ 'ਖਾਲਿਸਤਾਨ' ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਜੇ ਅਜਿਹਾ ਲੀਡਰ ਕਦੀ ਪੰਜਾਬ ਪਰਤੇ ਤਾਂ ਪੰਜਾਬ ਦੇ ਲੋਕ ਇਹ ਸਵਾਲ ਜ਼ਰੂਰ ਪੁਛਣਗੇ ਕਿ ਕਾਂਗਰਸ ਦੀ ਸ਼ਹਿ ਉਤੇ ਅਕਾਲੀ ਵਜ਼ਾਰਤ ਤੋੜਨ ਵਾਲਾ ਸਿੱਖਾਂ ਦਾ ਖੈਰ-ਖਵਾਹ ਕਦੋਂ ਬਣਿਆ ਸੀ।

ਹੁਣ ਕਾਂਗਰਸ ਦੀ ਸ਼ਹਿ ਤੇ ਵਾਪਸ ਆਇਆ ਅਮਰਿੰਦਰ ਸਿੰਘ ਅਤੇ ਕੈਰੋਂ ਪ੍ਰਵਾਰ ਦਾ ਸਬੰਧੀ ਪ੍ਰਕਾਸ਼ ਸਿੰਘ ਬਾਦਲ ਉਹੀ ਚਾਲ ਖੇਡ ਰਹੇ ਸਨ ਜੋ ਕਿਸੇ ਸਮੇਂ ਜਗਜੀਤ ਸਿੰਘ ਚੌਹਾਨ ਨੇ ਖੇਡੀ ਸੀ। ਪਰ ਅਮਰਿੰਦਰ ਸਿੰਘ ਤੇ ਬਾਦਲ ਦੀ ਚਾਲ ਹੁਣ ਵੀ ਨੇਪਰੇ ਨਹੀਂ ਚੜ੍ਹੀ।

ਬਾਦਲ ਤੇ ਅਮਰਿੰਦਰ ਧੜੇ ਦੇ 26 ਵਿਧਾਇਕਾਂ ਦਾ ਇਹ ਫਰਜ਼ ਪਹਿਲਾਂ ਹੀ ਬਣਦਾ ਸੀ ਕਿ ਉਹ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਦਿਤੇ ਟਿਕਟਾਂ ਉਤੇ ਚੋਣ ਲੜੇ ਸਨ ਜਦ ਉਹ ਅਕਾਲੀ ਦਲ ਨਾਲੋਂ ਹੀ ਵੱਖ ਹੋ ਗਏ ਤਾਂ ਆਪਣੀਆਂ ਸੀਟਾਂ ਤੋਂ ਅਸਤੀਫੇ ਦਿੰਦੇ ਅਤੇ ਦੁਬਾਰਾ ਚੋਣ ਲੜਦੇ। ਨਾਲ ਇਨ੍ਹਾਂ ਨੂੰ ਵੀ ਪਤਾ ਲਗਦਾ ਕਿ ਲੋਕ ਅਤਿਵਾਦੀਆਂ ਤੇ ਵੱਖਵਾਦੀਆਂ ਨਾਲ ਖੜ੍ਹੇ ਹਨ ਜਾਂ ਦੇਸ਼-ਭਗਤ ਤਾਕਤਾਂ ਨਾਲ।

ਸਪੀਕਰ ਦੇ ਫੈਸਲੇ ਨੂੰ ਹਰ ਕਿਸੇ ਨੂੰ ਜੀਅ ਆਇਆਂ ਆਖਣਾ ਚਾਹੀਦਾ ਹੈ ਕਿਉਂਕਿ ਇਹ ਲੋਕ ਜਦੋਂ ਵਜ਼ੀਰੀਆਂ ਹੱਥੋਂ ਖੁਸਦੀਆਂ ਹਨ ਤਾਂ ਝੱਟ ਦੂਜੇ ਪਾਸੇ ਜਾ ਖੜੋਂਦੇ ਹਨ। ਇਹ ਸਜ਼ਾ ਇਨ੍ਹਾਂ ਨੂੰ ਮਿਲਣੀ ਜ਼ਰੂਰੀ ਸੀ।

ਚੰਗਾ ਮਨੁੱਖ ਹੋਏ ਬਿਨਾਂ ਚੰਗਾ ਸਾਹਿਤ ਲਿਖਿਆ ਨਹੀਂ ਜਾ ਸਕਦਾ, ਕਿਉਂਕਿ ਲੇਖਕ ਦੀ ਹਰ ਰਚਨਾ ਉਸ ਦੀ ਸ਼ਖ਼ਸੀਅਤ 'ਚੋਂ ਛਣ ਕੇ ਆਉਂਦੀ ਹੈ। ਪਰ ਇਹ ਵੀ ਮੁਮਕਿਨ ਹੈ ਕਿ ਆਦਮੀ ਸਿਰਫ ਇਕ ਜਾਂ ਦੋ ਹੀ ਨਹੀਂ, ਦਸਾਂ-ਵੀਹਾਂ ਸ਼ਖ਼ਸੀਅਤਾਂ ਵਿਚ ਜੀਵੇ ਤੇ ਲਿਖਦਿਆਂ ਸਿਰਫ ਇਕੋ ਸ਼ਖ਼ਸੀਅਤ ਨੂੰ ਇਸਤੇਮਾਲ ਕਰੇ।

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇੰਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers)ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇੰਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

**Tel: Off.**
**324-9441**

# ਤਿੰਨ ਕੇਂਦਰੀ ਮੰਤਰੀਆਂ ਵਿਚਕਾਰ ਸੱਤਾ ਦੀ ਜੰਗ

ਨਵੀਂ ਦਿੱਲੀ — ਕੇਰਲ ਅਤੇ ਪੱਛਮੀ ਬੰਗਾਲ ਵਿਚ ਹੋਈ ਹਾਰ ਦੇ ਜ਼ਖਮ ਅਜੇ ਤਾਜ਼ਾ ਹੀ ਹਨ ਕਿ ਸੂਚਨਾਵਾਂ ਮਿਲਣ ਲਗ ਪਈਆਂ ਹਨ ਕਿ ਤਿੰਨ ਕੇਂਦਰੀ ਮੰਤਰੀ ਇਕ ਦੂਜੇ ਦੀ ਸ਼ਕਤੀ ਕਮਜ਼ੋਰ ਕਰਨ ਲਈ ਆਪਣਾ ਪੂਰਾ ਤਾਣ ਲਾ ਰਹੇ ਹਨ। ਇਹ ਹਨ ਸ੍ਰੀ ਬੂਟਾ ਸਿੰਘ ਗ੍ਰਹਿ ਮੰਤਰੀ, ਸ੍ਰੀ ਹਰਕਿਸ਼ਨ ਲਾਲ ਭਗਤ ਸੰਸਦੀ ਮਾਮਲਿਆਂ ਦੇ ਮੰਤਰੀ ਅਤੇ ਸ੍ਰੀ ਅਰਜਨ ਸਿੰਘ ਸੰਚਾਰ ਮੰਤਰੀ। ਰਾਜਨੀਤਕ ਹਲਕਿਆਂ ਦਾ ਵਿਚਾਰ ਹੈ ਕਿ ਇਨ੍ਹਾਂ ਤਿੰਨਾਂ ਵਿਚਲੀ ਲੜਾਈ ਗ੍ਰਹਿ ਵਿਭਾਗ ਨੂੰ ਆਪਣੇ ਪਾਸ ਬਣਾਈ ਰੱਖਣ ਜਾਂ ਉਸ ਨੂੰ ਖੋਹ ਕੇ ਆਪਣੇ ਅਧੀਨ ਕਰ ਲੈਣ ਦੀ ਹੈ। ਦੱਸਿਆ ਜਾਂਦਾ ਹੈ ਕਿ ਸ੍ਰੀ ਬੂਟਾ ਸਿੰਘ ਇਸ ਹੱਕ ਵਿਚ ਹਨ ਕਿ ਮਿਸ਼ਰਾ ਕਮਿਸ਼ਨ ਦੀ ਜਿਸ ਰਿਪੋਰਟ ਦੇ ਵਿਰੁੱਧ ਸਿੱਖ ਹਲਕਿਆਂ ਨੇ ਰੋਸ ਪ੍ਰਗਟ ਕੀਤਾ ਹੈ ਉਸ ਉਤੇ ਪੁਨਰ ਵਿਚਾਰ ਕਰਨਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਸਵੀਕਾਰ ਕਰ ਲੈਣ ਅਤੇ ਜਿਨ੍ਹਾਂ ਵਿਅਕਤੀਆਂ ਵਿਰੁੱਧ ਨਵੰਬਰ '84 ਦੇ ਫਸਾਦਾਂ ਨੂੰ ਭੜਕਾਉਣ ਦਾ ਦੋਸ਼ ਲਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਮੰਤਰੀ ਮੰਡਲ ਵਿਚੋਂ ਹਟਾ ਕੇ ਉਨ੍ਹਾਂ ਵਿਰੁੱਧ ਪੜਤਾਲ ਕਰਵਾਉਣ ਦੇ ਹੁਕਮ ਜਾਰੀ ਕਰ ਦੇਣ। ਇਸ ਦੇ ਨਾਲ ਹੀ ਪੰਜਾਬ ਸਮਝੌਤੇ ਦੇ ਬਾਵਜੂਦ ਜੇਕਰ ਪੰਜਾਬ ਵਿਚ ਅਮਨ ਨਹੀਂ ਹੋ ਰਿਹਾ ਤਾਂ ਪ੍ਰਧਾਨ ਮੰਤਰੀ ਉਸ ਸਮਝੌਤੇ ਨੂੰ ਇਕ ਪਾਸੇ ਕਰਕੇ ਉਨ੍ਹਾਂ ਪਾਰਟੀਆਂ ਜਾਂ ਨੇਤਾਵਾਂ ਨਾਲ ਗੱਲ ਕਰਨ ਜੋ ਇਸ ਸਮੇਂ ਪੰਜਾਬ ਦੀ ਰਾਜਨੀਤੀ ਉਤੇ ਛਾਏ ਹੋਏ ਹਨ।

ਜੇਕਰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਸ੍ਰੀ ਬੂਟਾ ਸਿੰਘ ਦੇ ਇਹ ਦੋਵੇਂ ਸੁਝਾਅ ਮੰਨ ਲੈਂਦੇ ਹਨ ਤਾਂ ਸਪੱਸ਼ਟ ਹੈ ਕਿ ਸੰਸਦੀ ਮਾਮਲਿਆਂ ਦੇ ਮੰਤਰੀ ਸ੍ਰੀ ਹਰਕਿਸ਼ਨ ਲਾਲ ਭਗਤ ਅਤੇ ਸੰਚਾਰ ਮੰਤਰੀ ਸ੍ਰੀ ਅਰਜਨ ਸਿੰਘ ਦੀ ਸਥਿਤੀ ਕਮਜ਼ੋਰ ਹੋ ਜਾਂਦੀ ਹੈ। ਸ਼ਾਇਦ ਸ੍ਰੀ ਬੂਟਾ ਸਿੰਘ ਦੇ ਇਨ੍ਹਾਂ ਯਤਨਾਂ ਕਾਰਨ ਹੀ ਉਨ੍ਹਾਂ 'ਤੇ ਕੁਝ ਹਲਕਿਆਂ ਵਲੋਂ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਆਲ ਇੰਡੀਆ ਸਿਖ ਕਾਨਫਰੰਸ ਵਲੋਂ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਵਿਰੁਧ ਜੋ ਅੰਦੋਲਨ ਚਲਾਇਆ ਜਾ ਰਿਹਾ ਹੈ, ਉਸ ਦੇ ਪਿਛੇ ਉਨ੍ਹਾਂ (ਸ੍ਰੀ ਬੂਟਾ ਸਿੰਘ) ਦਾ ਹੱਥ ਹੈ। ਇਸ ਦੇ ਉਲਟ ਸ੍ਰੀ ਬੂਟਾ ਸਿੰਘ ਦੇ ਨਜ਼ਦੀਕੀ ਹਲਕੇ ਇਹ ਆਖਦੇ ਹਨ ਕਿ ਇਸ ਕਾਨਫਰੰਸ ਦੇ ਨੇਤਾਵਾਂ ਨੂੰ ਸ੍ਰੀ ਅਰਜਨ ਸਿੰਘ ਵਲੋਂ ਉਤਸਾਹਿਤ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਇਹ ਵੀ ਆਖਿਆ ਜਾ ਰਿਹਾ ਹੈ ਕਿ ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸ੍ਰੀ ਅਰਜੁਨ ਸਿੰਘ ਦੇ ਇਸ਼ਾਰੇ 'ਤੇ ਜੋ ਮਾਸਟਰ ਅਕਾਲੀ ਦਲ ਅਤੇ ਲੌਂਗੋਵਾਲ ਅਕਾਲੀ ਦਲ ਵਿਚਕਾਰ ਗਲਵੱਕੜੀਆਂ ਪਈਆਂ ਹਨ, ਉਸ ਦਾ ਵਿਰੋਧ ਕਰਨ ਲਈ ਸ੍ਰੀ ਬੂਟਾ ਸਿੰਘ ਨੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅਤੇ ਯੰਗ ਸਿਖ ਐਸੋ: ਵਰਗੀਆਂ ਸੰਸਥਾਵਾਂ ਕਾਇਮ ਕਰਵਾਈਆਂ ਹਨ।

ਦੱਸਿਆ ਜਾਂਦਾ ਹੈ ਕਿ ਦੂਜੇ ਪਾਸੇ ਸ੍ਰੀ ਅਰਜੁਨ ਸਿੰਘ ਅਤੇ ਸ੍ਰੀ ਐਚ. ਕੇ. ਐਲ. ਭਗਤ ਵੀ ਅਵੇਸਲੇ ਨਹੀਂ ਬੈਠੇ ਹੋਏ। ਸ੍ਰੀ ਅਰਜਨ ਸਿੰਘ ਨੇ ਸ੍ਰੀ ਰਛਪਾਲ ਸਿੰਘ ਪ੍ਰਧਾਨ ਸ਼ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਨਾਲ ਡੂੰਘੇ ਤੇ ਮਿਤਰਤਾ ਭਰਪੂਰ ਸਬੰਧ ਬਣਾ ਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਹ ਪ੍ਰਭਾਵ ਦੇ ਦਿੱਤਾ ਹੈ ਕਿ ਸਿੱਖ ਰਾਜਨੀਤੀ ਦੀ ਸਥਿਤੀ ਬਾਰੇ ਜਿਤਨੀ ਸਹੀ ਜਾਣਕਾਰੀ ਸ੍ਰੀ ਰਛਪਾਲ ਸਿੰਘ ਉਨ੍ਹਾਂ ਪਾਸ ਪਹੁੰਚਾ ਸਕਦੇ ਹਨ, ਉਤਨੀ ਸ੍ਰੀ ਬੂਟਾ ਸਿੰਘ ਨਹੀਂ। ਇਸ ਗੱਲ ਲਈ ਉਹ ਸ੍ਰੀ ਬੂਟਾ ਸਿੰਘ ਨਾਲੋਂ ਸ੍ਰੀ ਰਛਪਾਲ ਸਿੰਘ ਨਾਲ ਬਹੁਤਾ ਸੰਪਰਕ ਰੱਖ ਕੇ ਸਿੱਖ ਰਾਜਨੀਤੀ ਬਾਰੇ ਆਪਣੀ ਨੀਤੀ ਨਿਸ਼ਚਿਤ ਕਰਨ ਅਤੇ ਉਸ ਨੂੰ ਅਮਲੀ ਰੂਪ ਦੇਣ। ਸ੍ਰੀ ਐ. ਕ੍ਰੇ. ਐਲ ਭਗਤ ਕਿਉਂਕਿ ਸਮਝਦੇ ਹਨ ਕਿ ਨਵੰਬਰ '84 ਦੇ ਫਸਾਦਾਂ ਨੂੰ ਭੜਕਾਉਣ ਦਾ ਦੋਸ਼ ਉਨ੍ਹਾਂ ਉਤੇ ਲਾਏ ਜਾਣ ਕਾਰਨ ਆਮ ਸਿੱਖਾਂ ਵਿਚ ਉਨ੍ਹਾਂ ਦਾ ਬਹੁਤਾ ਪ੍ਰਭਾਵ ਨਹੀਂ ਪੈ ਸਕਦਾ ਇਸ ਲਈ ਉਨ੍ਹਾਂ ਨੇ ਦਿੱਲੀ ਦੇ ਮੇਅਰ ਸ੍ਰੀ ਮਹਿੰਦਰ ਸਿੰਘ ਸਾਥੀ, ਜੋ ਉਨ੍ਹਾਂ ਦੇ ਨਿਕਟਵਰਤੀਆਂ ਵਿਚੋਂ ਹਨ, ਨੂੰ ਸਿੱਖ ਰਾਜਨੀਤੀ, ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਦੇ ਹੱਥੋਂ ਖੋਹ ਕੇ ਆਪਣੇ ਹੱਥ ਕਰਨ ਲਈ ਅੱਗੇ ਕੀਤਾ ਹੋਇਆ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਸਾਥੀ ਮੇਅਰ ਦਿੱਲੀ ਨੇ ਨਵਗਠਤ ਅਕਾਲੀ ਦਲ ਦੇ ਦਿੱਲੀ ਵਿਚਲੇ ਮੁਖੀਆਂ ਨੂੰ ਸ੍ਰੀ ਬੂਟਾ ਸਿੰਘ ਨਾਲੋਂ ਤੋੜ ਕੇ ਆਪਣੇ ਨਾਲ ਜੋੜਨ ਦੀ ਮੁਹਿੰਮ ਚਲਾਈ ਸੀ, ਇਸ ਦੇ ਲਈ ਉਹ ਉਨ੍ਹਾਂ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਨਮਾਨ ਪੂਰਨ ਤਰੀਕੇ ਨਾਲ ਸਥਾਪਤ ਕਰਨ ਲਈ ਤਿਆਰ ਵੀ ਹੋ ਗਏ ਸਨ। ਜਦੋਂ ਉਹ ਆਪਣਾ ਇਹ ਪ੍ਰਸਤਾਵ ਲੈ ਕੇ ਉਪਰਲੀ ਪੱਧਰ ਦੇ ਇੱਕਾ ਨੇਤਾਵਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਇਹ ਕਹਿ ਕੇ ਹਰੀ ਝੰਡੀ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਨਾਲ ਤਾਂ ਫਿਰ ਉਨ੍ਹਾਂ (ਇੱਕਾ ਨੇਤਾਵਾਂ) ਉਪਰ ਦੋਸ਼ ਲੱਗੇਗਾ ਕਿ ਉਨ੍ਹਾਂ ਨੇ ਗੁਰਦੁਆਰਾ ਕਮੇਟੀ ਅਤਿਵਾਦੀਆਂ ਦੇ ਹਵਾਲੇ ਕਰ ਦਿੱਤੀ ਹੈ। ਦੱਸਿਆ ਜਾਂਦਾ ਹੈ ਕਿ ਸ੍ਰੀ ਸਾਥੀ ਅਜੇ ਵੀ ਨਿਰਾਸ਼ ਨਹੀਂ ਹੋਏ ਤੇ ਉਨ੍ਹਾਂ ਨੂੰ ਵਿਸ਼ਵਾਸ਼ ਹੈ ਕਿ ਉਹ ਆਪਣੇ ਪ੍ਰਸਤਾਵ ਨੂੰ ਅਮਲੀ ਜਾਮਾ ਪਹਿਨਾਉਣ ਲਈ ਆਪਣੇ ਨੇਤਾਵਾਂ ਦੀ ਪ੍ਰਵਾਨਗੀ ਲੈਣ ਵਿਚ ਸਫਲ ਹੋ ਜਾਣਗੇ। ਇਸ ਤਰ੍ਹਾਂ ਦਿੱਲੀ ਦੀ ਸਿੱਖ ਰਾਜਨੀਤੀ ਵਿਚੋਂ ਸ੍ਰੀ ਬੂਟਾ ਸਿੰਘ ਨੂੰ ਲਾਂਭੇ ਕਰਨ ਵਿਚ ਉਨ੍ਹਾਂ ਨੂੰ ਪੂਰਨ ਸਫਲਤਾ ਮਿਲ ਜਾਵੇਗੀ।

# ਟੀ. ਵੀ. ਉਤੇ ਧਰਮ ਦਾ ਪ੍ਰਚਾਰ ਕਰਨ ਵਾਲਾ ਜਿਮ ਬੇਕਰ ਬਦਮਾਸ਼ੀਆਂ ਕਾਰਨ ਕੱਢਿਆ ਗਿਆ

ਕੋਲੰਬੀਆ — ਈਸਾ ਮਸੀਹ ਦੇ ਨਾਂ ਉਤੇ ਕਰੋੜਾਂ ਡਾਲਰ ਜਮ੍ਹਾਂ ਕਰਨ ਵਾਲਾ ਟੀ. ਵੀ. ਦਾ ਧਰਮ ਪ੍ਰਚਾਰਕ ਜਿਮ ਟੇਲਰ ਪੀ. ਪੀ. ਐਲ. ਬੋਰਡ ਵਲੋਂ ਕੱਢ ਦਿਤਾ ਗਿਆ ਹੈ। ਉਸ ਉਤੇ ਆਪਣੀ ਸਕੱਤਰ ਨਾਲ ਸੈਕਸ ਕਰਨ ਦਾ ਦੋਸ਼ ਲੱਗਾ ਸੀ। ਉਸ ਔਰਤ ਨੂੰ ਪੌਣੇ ਤਿੰਨ ਲੱਖ ਡਾਲਰ ਦਿਤੇ ਗਏ ਤਾਂ ਕਿ ਉਹ ਜਿਮ ਟੇਲਰ ਦਾ ਨਾਂ ਨਾ ਲਵੇ। ਪੀ. ਟੀ. ਐਲ. ਬੋਰਡ ਨੇ ਜਿਮ ਟੇਲਰ ਤੇ ਉਸ ਦੀ ਪਤਨੀ ਟੈਮੀ ਨੂੰ ਪੀ. ਟੀ. ਐਲ. ਨਾਲੋਂ ਵੱਖ ਕਰ ਦਿੱਤਾ ਹੈ। ਇਹ ਦੋਵੇਂ ਮੀਆਂ ਬੀਵੀ 16 ਲੱਖ ਡਾਲਰ ਸਾਲ ਦੀ ਤਨਖਾਹ ਲੈਂਦੇ ਸਨ।

ਬੋਰਡ ਦਾ ਪ੍ਰਧਾਨ ਵੀ ਅਸਤੀਫਾ ਦੇ ਗਿਆ ਹੈ। ਕਰੋੜਾਂ ਡਾਲਰਾਂ ਦਾ ਦਾਨ ਇਕੱਤਰ ਕਰਨ ਲਈ ਜੇਰੀ ਫੈਲਵੈਲ ਨੂੰ ਜ਼ਿਮੇਂਵਾਰੀ ਸੰਭਾਲ ਦਿਤੀ ਗਈ ਹੈ।

# ਸਿਗਰਟਾਂ ਬੀੜੀਆਂ ਵੇਚਣ ਵਾਲੇ ਪ੍ਰੇਸ਼ਾਨ

ਰੋਪੜ — ਖਾੜਕੂ ਜੱਥੇਬੰਦੀਆਂ ਵਲੋਂ ਪੰਜਾਬ ਅੰਦਰ ਸਿਗਰਟਾਂ - ਬੀੜੀਆਂ ਵੇਚਣ ਵਾਲਿਆਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਦੁਕਾਨਦਾਰਾਂ 'ਤੇ ਭਾਰੀ ਅਸਰ ਹੋਇਆ ਹੈ ਤੇ ਪਰਚੂਨ ਦੁਕਾਨਦਾਰਾਂ ਨੇ ਮਾਲ ਖਰੀਦਣਾ ਬੰਦ ਕਰ ਦਿੱਤਾ ਹੈ। ਥੋਕ ਡੀਲਰ ਕੋਈ ਮਾਲ ਨਹੀਂ ਮੰਗਵਾ ਰਹੇ ਸਗੋਂ ਪੁਰਾਣਾ ਪਿਆ ਸਟਾਕ ਸਸਤੇ ਭਾਅ ਤੇ ਪੰਜਾਬ ਤੋਂ ਬਾਹਰ ਜਾ ਕੇ ਵੇਚ ਰਹੇ ਹਨ। ਪਤਾ ਲੱਗਿਆ ਹੈ ਕਿ ਇਹ ਡੀਲਰ ਚੰਡੀਗੜ੍ਹ ਜਾਂ ਹਿਮਾਚਲ ਦੇ ਏਰੀਏ ਵਿਚ ਜਾ ਕੇ ਮਾਲ ਘਾਟੇ 'ਤੇ ਵੇਚ ਰਹੇ ਹਨ।

ਜਿਨ੍ਹਾਂ ਠੇਕੇਦਾਰਾਂ ਨੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਖਰੀਦੇ ਹਨ ਉਹ ਵੀ ਭੱਜ ਦੌੜ ਕਰ ਰਹੇ ਹਨ ਕਿਉਂਕਿ ਠੇਕਿਆਂ ਉਤੇ ਕੰਮ ਕਰਨ ਵਾਲੇ ਕਾਰਿੰਦੇ ਜਵਾਬ ਦੇ ਰਹੇ ਹਨ। ਇਸ ਸਮੇਂ ਵਿਚ ਪਿੰਡ ਝਲੀਆਂ ਦਾ ਸ਼ਰਾਬ ਠੇਕਾ ਲੁੱਟੇ ਜਾਣ ਦੀ ਸੂਚਨਾ ਮਿਲੀ ਹੈ। ਪਿੰਡ ਮੀਆਂਪੁਰ ਦੀ ਸੂਚਨਾ ਹੈ ਕਿ ਪੰਚਾਇਤ ਨੇ ਠੇਕੇ ਲਈ ਥਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

Makanji
JEWELLERS LTD.

Largest 22Kt Gold Jewellery
Manufacturers and Retailers
In North America
Vancouver ■ Tornoto

Custom Made 22 Kt Gold Jewellery
6644 Main St., Vancouver, B.C. V5X 3H3
(604) 324-7646
Tornoto (416) 469-0505
Free 1-800-663-MASA (B.C. & Alberta)
Vancouver Gold Line (604) 324-6696
1448 Gerrard St., East, Toronto, Ontario, CANADA M4L 1Z8

# ਭਾਰਤੀ ਮੂਲ ਦੇ ਲੋਕਾਂ ਵਲੋਂ ਟਰਾਂਟੋ ਇਲਾਕੇ 'ਚ ਲੋਕ-ਪੱਖੀ ਜਥੇਬੰਦੀ ਦੀ ਸਥਾਪਨਾ

ਪਿਛਲੇ ਸਮੇਂ 'ਚ ਲਗਾਤਾਰ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਟਰਾਂਟੋ ਇਲਾਕੇ 'ਚ ਭਾਰਤੀ ਮੂਲ ਦੇ ਲੋਕਾਂ ਵਲੋਂ ਲੋਕ ਹਿਤੂ ਜਥੇਬੰਦੀ ਦੀ ਸਥਾਪਨਾ ਕੀਤੀ ਗਈ। ਇਸ ਜਥੇਬੰਦੀ ਦੇ ਮੁੱਖ ਕੰਮ ਮਿਹਨਤਕਸ਼ ਅਤੇ ਜਮਹੂਰੀਅਤ ਪਸੰਦ ਲੋਕਾਂ ਦੇ ਹੱਕਾਂ ਦੀ ਬੇਹਤਰੀ ਲਈ ਉਪਰਾਲੇ ਕਰਨਾ ਅਤੇ ਦੁਨੀਆਂ ਦੀ ਕਿਸੇ ਵੀ ਨੁੱਕਰੇ ਇਨਸਾਨੀਅਤ ਨਾਲ ਹੁੰਦੀ ਧੱਕੇਸ਼ਾਹੀ ਵਿਰੁੱਧ ਲੋਕ ਅਵਾਜ਼ ਬੁਲੰਦ ਕਰਨੀ ਹੈ।

ਜਥੇਬੰਦੀ ਦਾ ਨਾਂ ਡੈਮੋਕਰੈਟਿਕ ਫੈਡਰੇਸ਼ਨ ਆਫ ਈਸਟ ਇੰਡੀਅਨ ਕਨੇਡੀਅਨਜ਼ ਰੱਖਿਆ ਗਿਆ ਹੈ। ਇਸ ਜਥੇਬੰਦੀ 'ਚ ਟਰਾਂਟੋ ਇਲਾਕੇ 'ਚ ਪਿਛਲੇ ਲੰਬੇ ਸਮੇਂ ਤੋਂ ਲੋਕ-ਹਿਤੂ ਕੰਮਾਂ ਕਰਕੇ ਜਾਣੇ ਜਾਂਦੇ 'ਲੋਕ-ਹਿਤੈਸ਼ੀ' ਕੰਮ ਕਰ ਰਹੇ ਹਨ। ਇਹ ਜਥੇਬੰਦੀ ਆਜ਼ਾਦ ਅਤੇ ਡੈਮੋਕਰੈਟਿਕ ਨਜ਼ਰੀਏ ਦੇ ਆਧਾਰ ਤੇ ਖੜੀ ਕੀਤੀ ਗਈ ਹੈ। ਇਸ ਵਿਚਲੇ ਤਿਆਰ ਕੀਤੇ ਗਏ ਪਰੋਗਰਾਮਾਂ ਨੂੰ ਅਸੀਂ ਆਉਣ ਵਾਲੇ ਸਮੇਂ 'ਚ ਜਲਦੀ ਹੀ ਪ੍ਰਕਾਸ਼ਤ ਕਰਾਂਗੇ।

ਕਿਸੇ ਵੀ ਕਿਸਮ ਦੀ 'ਜਥੇਬੰਦੀ' ਬਾਰੇ ਜਾਣਕਾਰੀ ਲਈ ਜਥੇਬੰਦੀ ਦੇ ਦਿਤੇ ਗਏ ਸਰਨਾਵੇਂ ਤੇ ਚਿੱਠੀ-ਪੱਤਰ ਰਾਹੀਂ ਮਿਲਿਆ ਜਾ ਸਕਦਾ ਹੈ

ਵਲੋਂ ਜਾਇੰਟ-ਸਕੱਤਰ
ਦੇਵ ਲਾਲੀ

Democratic Federation of East
Indian Canadians
P.O.BOX 210
Kleinburg,ONT. L0J 1C0

ਪੰਨਾ 4 ਦੀ ਬਾਕੀ

ਰੀਗਨ ਨਾਲ ਮਿਲਣੀ ਕੀਤੀ ਅਤੇ ਉਸਦੀ ਪੁੱਤਰੀ ਮੌਰੀਨ ਰੀਗਨ ਨੂੰ ਆਪਣੀ ਚੇਲੀ ਬਣਾ ਲਿਆ ਅਤੇ ਉਸਦਾ ਨਾਂ ਤਬਦੀਲ ਕਰਕੇ ਸਰਸਵਤੀ ਰੀਗਨ ਰੱਖ ਦਿਤਾ। ਰੀਗਨ ਦੀ ਇਹ ਲੜਕੀ ਹਾਲੀਵੁੱਡ ਦੀਆਂ ਪ੍ਰਸਿਧ ਅਭਿਨੇਤਰੀਆਂ ਵਿਚੋਂ ਇਕ ਹੈ। ਇਸਤੋਂ ਬਿਨਾਂ ਚੰਦਰਾ ਸੁਆਮੀ ਦੇ ਭਗਤਾਂ ਅਤੇ ਦੋਸਤਾਂ ਦਾ ਸਿਲਸਲਾ ਬਹੁਤ ਲੰਬਾ ਹੈ। ਜਿਨ੍ਹਾਂ ਵਿਚੋਂ ਪ੍ਰਮੁੱਖ ਹਨ (ੳ) ਵਿਦੇਸ਼ੀ—ਬਰੁਨੇਈ ਦੇ ਸੁਲਤਾਨ, ਦੁੱਬਈ ਦੇ ਸ਼ੇਖ ਰਸ਼ੀਦ, ਜਾਰਡਨ ਦੇ ਸ਼ਾਹ ਹੁਸੈਨ, ਮਿਸਰ ਦੇ ਹੁਸਨੀ ਮੁਬਾਰਕ, ਫਿਲਪਾਈਨ ਦੇ ਮਾਰਕੋਸ, ਸ੍ਰੀ ਲੰਕਾ ਦੇ ਜੈਵਰਧਨੇ ਜ਼ੈਰੇ ਦੇ ਮਬੋਟੋ, ਕੇਨੀਆਂ ਦੇ ਰਾਸ਼ਟਰਪਤੀ ਮੋਈ, ਰੋਨਲਡ ਰੀਗਨ, ਨੈਂਸੀ ਰੀਗਨ, ਰਿਚਰਡ ਨਿਕਸਨ, ਜਿਮੀ ਕਾਰਟਰ, ਦੁਨੀਆਂ ਦਾ ਮਸ਼ਹੂਰ ਸਮਗਲਰ ਖਗੋਸ਼ੀ ਆਦਿ।

ਭਾਰਤ ਦੇ ਸਿਆਸੀ ਨੇਤਾ—ਗਿਆਨੀ ਜ਼ੈਲ ਸਿੰਘ, ਸੰਜੇ ਗਾਂਧੀ (ਜਦੋਂ ਉਹ ਜਿੰਦਾ ਸੀ) ਪੀ:ਵੀ: ਨਰਸਿਮਹਾ ਰਾਓ ਨਟਵਰ ਸਿੰਘ, ਬੂਟਾ ਸਿੰਘ, ਵਿਸ਼ਵਾਨਾਥ ਪ੍ਰਤਾਪ ਸਿੰਘ (ਚਾਰੇ ਕੇਂਦਰੀ ਮੰਤਰੀ) ਆਰਫ ਮੁਹੰਮਦ ਖਾਨ, ਸ਼ਿਆਮਚਰਨ ਸ਼ੁਕਲ ਮਹਾਂਰਾਸ਼ਟਰ ਦੇ ਰਾਮਰਾਵ ਅਤੇ ਵਸੰਤ ਦਾਦਾ ਪਾਟਿਲ, ਪੰਜਾਬ ਦੇ ਦਰਬਾਰਾ ਸਿੰਘ, ਬਿਹਾਰ ਦੇ ਮੁੱਖ ਮੰਤਰੀ ਵਿਸ਼ੇਸ਼ਵਰੀ ਦੁੱਬੇ, ਸ਼ੇਖ ਅਬਦੁੱਲਾ, ਫਾਰੂਕ ਅਬਦੁੱਲਾ, ਰਾਜਸਥਾਨ ਦੇ ਮੁੱਖ ਮੰਤਰੀ ਹਰੀਦੇਵ ਜੋਸ਼ੀ, ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਜੀ.ਰਾਮਾ ਚੰਦਰਨ, ਕਰਨਾਟਕ ਦਾ ਰਾਮ ਕ੍ਰਿਸ਼ਨ ਹੇਗੜੇ, ਆਂਧਰਾ ਦੇ ਐਨ.ਟੀ.ਰਾਮਾ ਰਾਉ, ਆਸਾਮ ਦੇ ਸਾਬਕਾ ਮੁੱਖ ਮੰਤਰੀ ਹਤੇਸ਼ਵਰੀ ਸੈਕੀਆ। ਇਸਦੇ ਨਾਲ ਹੀ ਜਨਤਾ ਪਾਰਟੀ ਦੇ ਪ੍ਰਧਾਨ ਚੰਦਰ ਸ਼ੇਖਰ, ਭਾਜਪਾ ਦੇ ਅਟਲ ਬਿਹਾਰੀ ਵਾਜਪਾਈ, ਨਾਨਾ ਜੀ ਦੇਸ਼ ਮੁੱਖ, ਮੇਨਕਾ ਗਾਂਧੀ, ਦੇਵੀ ਲਾਲ, ਐਕਟਰ ਦਾਰਾ ਸਿੰਘ, ਹੇਮਾ ਮਾਲਿਨੀ, ਰੇਖਾ, ਰਾਜ ਬੱਬਰ ਆਦਿ। ਇਹ ਹਨ ਉਹ ਵਿਅਕਤੀ ਜਿਨ੍ਹਾਂ ਨੇ ਚੰਦਰਾ ਸੁਆਮੀ ਨੂੰ ਆਪਣੀਆਂ ਸੇਵਾਵਾਂ ਸਮਰਪਤ ਕੀਤੀਆਂ ਹਨ ਜਾਂ ਉਸਨੂੰ ਆਪਣਾ ਗੁਰੂ ਮੰਨਕੇ ਆਪਣੇ ਰਾਜਨੀਤਕ ਜੀਵਨ ਨੂੰ ਕਾਮਯਾਬ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਦਿੱਲੀ ਵਿਚਲੀ ਦਾਰਾ ਸਿੰਘ ਦੀ ਆਲੀਸ਼ਾਨ ਕੋਠੀ ਵਿਚ ਸ਼ੇਰ ਦੀ ਖੱਲ ਤੇ ਬੈਠੇ ਇਸ ਨਵੇਂ ਭਗਵਾਨ ਨੂੰ ਦੇਖਣ ਤੋਂ ਇਉਂ ਲਗਦਾ ਹੈ ਜਿਵੇਂ ਇਹ ਕਿਸੇ ਅਰਬਪਤੀ ਸੁਲਤਾਨ ਦਾ ਸ਼ਹਿਜ਼ਾਦਾ ਹੋਵੇ। ਇਸਨੂੰ ਮਿਲਣ ਵਾਲਿਆਂ ਵਿਚ ਖੂਬਸੂਰਤ ਅਭਿਨੇਤਰੀਆਂ ਦਾ ਵਿਸ਼ੇਸ਼ ਰੋਲ ਹੈ ਜਿਹੜੀਆਂ ਆਪਣੇ ਆਪ ਨੂੰ ਭਗਵਾਨ ਦੀਆਂ ਚੇਲੀਆਂ ਦਸਦੀਆਂ ਹਨ

ਚੰਦਰਾ ਸੁਆਮੀ ਦਾ ਦੁਭਾਸ਼ੀਆ ਅਤੇ ਸਲਾਹਕਾਰ ਕੈਲਾਸ਼ ਨਾਥ ਅਗਰਵਾਲ ਇਸ ਸਮੇਂ ਉਤਰ ਪ੍ਰਦੇਸ਼ ਵਿਚ 175 ਕਰੋੜ ਰੁਪਏ ਦੀ ਲਾਗਤ ਨਾਲ ਐਕਸਰੇ ਫਿਲਮਾਂ ਤਿਆਰ ਕਰਨ ਦਾ ਕਾਰਖਾਨਾ ਲਾਉਣ ਦੀਆਂ ਤਿਆਰੀਆਂ ਕਰ ਰਿਹੈ ਹੈ। ਜਦੋਂ ਇਹ ਸੁਆਮੀ ਵਿਦੇਸ਼ਾਂ ਦਾ ਟੂਰ ਕਰਦਾ ਹੈ ਤਾਂ ਆਮ ਕਰਕੇ ਇਹ ਹਥਿਆਰਾਂ ਦੇ ਪ੍ਰਸਿੱਧ ਦਲਾਲ ਖਗੋਸ਼ੀ ਦਾ ਮਖਮਲੀ ਜ਼ਹਾਜ਼ ਹੀ ਵਰਤਦਾ ਹੈ ਜਿਸਨੂੰ ਉਸਨੇ ਵਿਸ਼ੇਸ਼ ਤੌਰ ਤੇ ਤਿਆਰ ਕਰਵਾਇਆ ਹੈ। ਇਸ ਜ਼ਹਾਜ਼ ਦੀ ਕੀਮਤ 36 ਕਰੋੜ ਰੁਪਏ ਹੈ। ਇਸਤੋਂ ਬਿਨਾਂ ਇਹ ਸੁਆਮੀ ਮਰਸਡੀਜ਼ ਕਾਰਾਂ ਦੇ ਕਾਫਲੇ ਨਾਲ ਚਲਦਾ ਹੈ ਅਤੇ ਸਾਰੀ ਦੁਨੀਆਂ ਦੇ ਸਿਆਸਤਦਾਨਾਂ ਨਾਲ ਸੰਪਰਕ ਸੂਤਰ ਕਾਇਮ ਕਰਨ ਅਤੇ ਉਸਦੇ ਇਵਜ਼ ਵਿਚ ਪੈਸਾ ਇਕੱਠਾ ਕਰਨ 'ਚ ਕਾਫੀ ਮਾਹਿਰ ਸਮਝਿਆ ਜਾਂਦਾ ਹੈ।

ਇਸ ਸੁਆਮੀ ਦੇ ਸੰਪਰਕ ਸੂਤਰ ਸਿਆਸਤਦਾਨਾਂ ਦੀ ਅਸਲੀਅਤ ਵੀ ਚੰਗੀ ਤਰ੍ਹਾਂ ਨੰਗੀ ਹੁੰਦੀ ਹੈ ਅਤੇ ਸਪਸ਼ਟ ਹੁੰਦਾ ਹੈ ਉਹ ਸੰਪਰਕ ਜਿਸਨੂੰ ਬਹੁਤ ਹੀ ਗੁਪਤ ਤਰੀਕੇ ਨਾਲ ਕਾਇਮ ਕੀਤਾ ਜਾਂਦਾ ਹੈ। ਭਾਰਤ ਇਕ ਅਜਿਹਾ ਦੇਸ਼ ਹੈ ਜਿਸ ਉਪਰ ਰਾਜ ਕਰਨ ਵਾਲੇ ਆਗੂ ਸਾਮਰਾਜੀਆਂ ਦੇ ਏਜੰਟ ਹਨ ਅਤੇ ਇਹ ਅਨੇਕਾਂ ਕੜੀਆਂ ਰਾਹੀਂ ਦੇਸ਼ ਧਰੋਹੀ ਕਾਰਨਾਮੇ ਕਰਦੇ ਹਨ। ਇਸ ਅਪਰਾਧ ਜਨਕ ਕੰਮ ਲਈ ਇਨ੍ਹਾਂ ਦੇ ਨਾ ਜਾਣੇ ਚੰਦਰਾ ਸੁਆਮੀ ਵਰਗੇ ਕਿੰਨੇ ਪਾਲਤੂ ਏਜੰਟ ਪਾਲੇ ਹੋਏ ਹਨ ਜਿਹੜੇ ਸਾਮਰਾਜ ਦੀਆਂ ਸੂਹੀਆਂ ਏਜੰਸੀਆਂ ਤੇ ਇਨ੍ਹਾਂ ਵਿਚਕਾਰ ਬੇਹੱਦ ਖੁਫੀਆ ਭੇਦ ਦੇਣ ਵਾਲਿਆਂ ਵਜੋਂ ਮੰਨੇ ਜਾਂਦੇ ਹਨ। ਇਹ ਵਿਅਕਤੀ ਅਸਲ ਵਿਚ ਭਾਰਤੀ ਲੋਕਾਂ ਦੇ ਕੱਟੜ ਦੁਸ਼ਮਣ ਹਨ ਅਤੇ ਇਨ੍ਹਾਂ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ।●

# ਘੱਟ ਗਿਣਤੀ ਫਿਰਕੇ (ਸਿੱਖਾਂ) ਦੇ ਕਾਤਲਾਂ ਦੀ ਰਾਖੀ ਕਰਦੀ ਮਿਸ਼ਰਾ ਰਿਪੋਰਟ ਦਾ ਵਿਰੋਧ ਕਰੋ

ਨਵੰਬਰ '84 'ਚ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਦਿੱਲੀ, ਕਾਨ੍ਹਪੁਰ, ਲਖਨਊ, ਬੜੌਦਾ, ਕਲਕੱਤੇ ਤੋਂ ਇਲਾਵਾ ਭਾਰਤ ਦੀਆਂ ਅਨੇਕਾਂ ਥਾਵਾਂ ਤੇ ਘੱਟ ਗਿਣਤੀ ਫਿਰਕੇ (ਸਿੱਖਾਂ) ਉਤੇ ਬਿਨਾਂ ਕਿਸੇ ਕਸੂਰ ਜੋ ਜ਼ੁਲਮ ਕੀਤਾ ਗਿਆ ਸੀ ਉਸ ਦੇ ਜ਼ੁੰਮੇਂਵਾਰਾਂ ਦੀ ਜਾਣ-ਪਹਿਚਾਣ ਕਰਨ ਲਈ ਜੋ ਕਮਿਸ਼ਨ ਭਾਰਤੀ ਸਰਕਾਰ ਦੀ ਸਰਪ੍ਰਸਤੀ ਹੇਠ ਬਣਾਇਆ ਗਿਆ ਸੀ, ਉਸ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਨੂੰ ਭਾਵ ਇਨਸਾਫਪਸੰਦ ਅਤੇ ਡੈਮੋਕਰੈਟਿਕ ਲੋਕਾਂ ਦੇ ਇਕ ਹਿੱਸੇ ਵਲੋਂ ਉਡੀਕਿਆ ਜਾ ਰਿਹਾ ਸੀ ਅਤੇ ਬਾਅਦ 'ਚ ਸਰਕਾਰ ਵਲੋਂ ਅਸਲੀ ਮੁਜ਼ਰਮਾਂ ਨੂੰ ਸਜ਼ਾਵਾਂ ਦੇਣ ਵਾਰੇ ਵੀ ਉਮੀਦਾਂ ਰੱਖੀਆਂ ਜਾ ਰਹੀਆਂ ਸਨ ਪਰ ਭਾਰਤੀ ਸਰਕਾਰ ਦੀ ਕੁਰਸੀ ਤੇ ਬਿਰਾਜਮਾਨ ਰਾਜੀਵ ਗਾਂਧੀ ਅਤੇ ਉਸ ਦੇ ਜੋਟੀਦਾਰਾਂ ਵਲੋਂ ਪੇਸ਼ ਕੀਤੀ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਨੇ ਦਰਸਾ ਦਿਤਾ ਕਿ ਭਾਰਤੀ ਸਰਕਾਰ ਦੀ ਭਾਈਵਾਲੀ ਬੇਕਸੂਰੇ ਲੋਕਾਂ ਦੇ ਕਾਤਲਾਂ ਨਾਲ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇੰਦਰਾ ਗਾਂਧੀ ਨਾਲ ਹਮਦਰਦੀ ਰਖਦੇ ਲੋਕਾਂ ਵਲੋਂ ਘਬਰਾਹਟ 'ਚ ਆ ਕੇ ਬੇਕਸੂਰੇ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਚੌਰਾਹਿਆਂ 'ਚ ਬੇਪਤ ਕੀਤਾ। ਕੁਝ ਦੋਸ਼ ਦਿੱਲੀ ਦੀ ਪੁਲੀਸ ਦੇ ਹੇਠਲੇ ਦਰਜੇ ਦੇ ਕਰਮਚਾਰੀਆਂ ਸਿਰ ਥੱਪਿਆ ਗਿਆ। ਕੁਝ ਕਸੂਰ ਥੱਲੇ ਦੇ ਦਰਜੇ ਦੇ ਕਾਂਗਰਸੀਆਂ ਸਿਰ ਥੱਪ (ਜਿੰਨ੍ਹਾਂ ਨੂੰ ਅਗਲੀ ਕਾਰਵਾਈ ਚੋਂ ਬਰੀ ਵੀ ਕਰ ਦਿੱਤਾ) ਕੇ ਰਾਜੀਵ ਗਾਂਧੀ ਨਾਲ ਕੁਰਸੀ ਤੇ ਬੈਠੇ ਹ. ਸ. ਭਗਤ ਅਤੇ ਟਾਇਟਲਰ ਵਰਗੇ 65 ਹੋਰ ਕਾਂਗਰਸ ਆਈ ਦੇ ਮੁੱਖ ਕਾਰਕੁਨਾਂ ਨੂੰ ਬਿਲਕੁਲ ਦੁੱਧ-ਧੋਤੇ ਦੱਸਿਆ ਗਿਆ। ਦੂਸਰੇ ਪਾਸੇ ਇਹਨਾਂ ਦੰਗਿਆਂ ਬਾਬਤ ਪੀ. ਯੂ. ਸੀ. ਐਲ., ਪੀ. ਯੂ. ਡੀ. ਆਰ ਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਛਾਪੇ ਗਏ ਕਿਤਾਬਚੇ 'ਦੋਸ਼ੀ ਕੌਣ ਹਨ' ਨੇ ਰਿਪੋਰਟ 'ਚ ਕਿਹਾ ਸੀ ਕਿ ਸਭ ਘਟਨਾਵਾਂ ਇਕ ਸੋਚੀ ਸਮਝੀ ਸਕੀਮ ਰਾਂਹੀਂ ਕਾਂਗਰਸ ਆਈ ਦੇ ਲੀਡਰਾਂ ਵਲੋਂ ਖੁਦ ਅਗੇ ਹੋ ਕੇ ਅਤੇ ਰਾਜਸੀ ਤਾਕਤ ਦੀ ਮਸ਼ੀਨਰੀ ਰਾਹੀਂ ਕਰਵਾਈਆਂ ਸਨ। 'ਦੋਸ਼ੀ ਕੌਣ ਹਨ' ਕਿਤਾਬਚੇ ਨੇ ਦੋਸ਼ੀਆਂ ਦੇ ਨਾਵਾਂ ਉਪਰ ਉਂਗਲੀ ਵੀ ਰੱਖੀ ਪਰ ਮਿਸ਼ਰਾ ਕਮਿਸ਼ਨ ਨੇ ਆਪਣੇ ਕੋਲੋਂ ਹੀ ਝੂਠੀਆਂ ਰਿਪੋਰਟਾਂ ਤਿਆਰ ਕਰਕੇ ਅਸਲੀ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਹਿਲਾਂ ਗਵਾਹੀ ਲਈ ਸੱਦਿਆ ਗਿਆ ਪਰ ਬਾਅਦ 'ਚ ਗੁਰਦੁਆਰਾ ਕਮੇਟੀ ਦੀ ਰਿਪੋਰਟ ਨੂੰ ਵੀ ਅਣਗੌਲਿਆ ਕਰ ਦਿੱਤਾ।

ਸਾਡੀ ਜੱਥੇਬੰਦੀ ਭਾਰਤੀ ਸਰਕਾਰ ਵਲੋਂ ਪੇਸ਼ ਕੀਤੀ ਗਈ ਰਿਪੋਰਟ ਨੂੰ ਡੈਮੋਕਰੇਸੀ 'ਚ ਯਕੀਨ ਰੱਖਣ ਵਾਲਿਆਂ ਨੂੰ ਕੀਤਾ ਗਿਆ ਕੋਝਾ ਮਜ਼ਾਕ ਸਮਝਦੀ ਹੈ ਅਤੇ ਇਸ ਨੂੰ ਕਾਤਲਾਂ ਵਲੋਂ ਪੇਸ਼ ਕੀਤੀ ਗਈ ਝੂਠੀ ਸਫਾਈ ਸਮਝਦੀ ਹੈ। ਅਸੀਂ ਸਮਝਦੇ ਹਾਂ ਕਿ ਕਾਤਲਾਂ ਦੀ ਸਰਪ੍ਰਸਤੀ 'ਚ ਬੈਠਾਏ ਗਏ ਕਮਿਸ਼ਨ ਕਦੇ ਵੀ ਦੋਸ਼ੀਆਂ ਉਤੇ ਉਂਗਲੀ ਨਹੀਂ ਧਰਨਗੇ। ਅਸੀਂ ਸਾਰੇ ਲੋਕਾਂ ਨੂੰ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਮਿਸ਼ਰਾ ਕਮਿਸ਼ਨ ਜਹੇ ਭਾਰਤੀ ਸਰਕਾਰ ਦੇ ਸਟੰਟਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇ ਅਤੇ ਅਸਲੀ ਦੋਸ਼ੀਆਂ ਨੂੰ ਕਟਿਹਰੇ 'ਚ ਖੜੇ ਕਰਨ ਲਈ ਲੋਕ ਆਵਾਜ਼ ਬੁਲੰਦ ਕੀਤੀ ਜਾਵੇ ਤਾਂ ਜੋ ਅਗੋਂ ਤੋਂ ਅਜਿਹੇ ਦੋਸ਼ੀਆਂ ਨੂੰ ਨੱਥ ਪਾਈ ਜਾ ਸਕੇ।

ਜਾਰੀ ਕਰਦਾ :
ਜੱਥੇਬੰਦਕ ਜਾਇੰਟ ਸਕੱਤਰ/ਦੇਵ ਲਾਲੀ

# ਸਿੱਖ ਕੈਦੀਆਂ ਦੀ ਰਿਹਾਈ ਲਈ ਏਕਾ ਜ਼ਰੂਰੀ — ਤੋਤਾ ਸਿੰਘ

ਮੁਕਤਸਰ — ਮਾਰਕੀਟਿੰਗ ਬੋਰਡ ਪੰਜਾਬ ਦੇ ਪ੍ਰਧਾਨ ਜਥੇਦਾਰ ਤੋਤਾ ਸਿੰਘ ਨੇ ਸਾਰੇ ਸਿੱਖਾਂ ਖਾਸ ਕਰਕੇ ਅਕਾਲੀ ਵਰਕਰਾਂ ਨੂੰ ਇਕ ਪਲੇਟਫਾਰਮ ਉਤੇ ਇਕੱਠਿਆਂ ਹੋਣ ਦੀ ਅਪੀਲ ਕੀਤੀ ਹੈ। ਜਥੇਦਾਰ ਤੋਤਾ ਸਿੰਘ ਅਬੋਹਰ ਨੇੜੇ ਪਿੰਡ ਰੁਕਨਪੁਰਾ ਵਿਚ ਮਾਰਕੀਟ ਕਮੇਟੀ ਅਬੋਹਰ ਦੇ ਚੇਅਰਮੈਨ ਸ੍ਰੀ ਗੁਰਤੇਜ ਸਿੰਘ ਸਪੁੱਤਰ ਜਥੇਦਾਰ ਸ਼ੇਰ ਸਿੰਘ ਪ੍ਰਧਾਨ ਜ਼ਿਲਾ ਅਕਾਲੀ ਜਥਾ ਤੇ ਮੈਂਬਰ ਸ਼ਰੋਮਣੀ ਕਮੇਟੀ ਦੀ ਮੰਗਣੀ ਸਮੇਂ ਇਕੱਠੇ ਹੋਏ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਿੱਖ ਬੰਦੀ ਤਾਂ ਹੀ ਰਿਹਾ ਹੋ ਸਕਦੇ ਹਨ ਜੇ ਅਸੀਂ ਸਾਰੇ ਇਕੱਠੇ ਹੋਈਏ। ਜਦੋਂ ਤੱਕ ਜੇਲ੍ਹਾਂ ਵਿਚ ਬੈਠੇ ਸਿੱਖ ਰਿਹਾ ਨਹੀਂ ਹੁੰਦੇ ਉਨ੍ਹਾਂ ਦੇ ਪਰਿਵਾਰ ਅਤੇ ਸਬੰਧੀ ਕਿਵੇਂ ਸੰਤੁਸ਼ਟ ਹੋਣਗੇ। ਇਸ ਸਮੇਂ ਪੰਜਾਬ ਦੇ ਸਿੰਚਾਈ ਮੰਤਰੀ ਸ੍ਰੀ ਹਰੀ ਸਿੰਘ ਜ਼ੀਰਾ, ਸ. ਕਿਰਪਾਲ ਸਿੰਘ ਚੱਕ ਸ਼ੇਰਾ, ਸਾਬਕ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਗਿਆਨੀ ਹਰਚਰਨ ਸਿੰਘ ਹੁਡਿਆਰਾ, ਜਥੇਦਾਰ ਹੀਰਾ ਸਿੰਘ ਚਿੜੇਵਾਨ ਤੇ ਜਥੇਦਾਰ ਸੂਬਾ ਸਿੰਘ ਆਦਿ ਨੇ ਵੀ ਵਿਚਾਰ ਰੱਖੇ।

# ਦੋ ਅਤਿਵਾਦੀ ਕਾਬੂ

ਲੁਧਿਆਣਾ — ਸਥਾਨਕ ਪੁਲਸ ਨੇ ਫੀਲਡ ਗੰਜ ਹਲਕੇ ਵਿਚ ਛਾਪਾ ਮਾਰ ਕੇ ਦਹਿਸ਼ਤਪਸੰਦ ਹਰਬੀਰ ਸਿੰਘ ਉਰਫ ਬੀਰਾ ਨੂੰ ਗ੍ਰਿਫਤਾਰ ਕੀਤਾ ਹੈ। ਇਹ ਗ੍ਰਿਫਤਾਰੀ ਦਹਿਸ਼ਤਪਸੰਦਾਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਕੀਤੀ ਗਈ ਹੈ। ਉਕਤ ਜਾਣਕਾਰੀ ਪੱਤਰਕਾਰਾਂ ਨੂੰ ਦੇਂਦੇ ਹੋਏ ਐਸ. ਐਸ. ਪੀ. ਸ੍ਰੀ ਆਰ. ਐਸ. ਗਿੱਲ ਨੇ ਦੱਸਿਆ ਕਿ ਉਕਤ ਗ੍ਰਿਫਤਾਰ ਹਰਬੀਰ ਸਿੰਘ ਦਹਿਸ਼ਤ ਪਸੰਦਾਂ ਨੂੰ ਆਪਣੇ ਮਕਾਨ ਵਿਚ ਪਨਾਹ ਦੇਂਦਾ ਸੀ ਤੇ ਵੱਖ ਵੱਖ ਅਸਥਾਨਾਂ ਤੇ ਵਾਰਦਾਤਾਂ ਕਰਨ ਲਈ ਉਹ ਦਹਿਸ਼ਤਪਸੰਦਾਂ ਨੂੰ ਆਪਣੀ ਕਾਰ ਵੀ ਦਿੰਦਾ ਸੀ।

ਉਹਨਾਂ ਦੱਸਿਆ ਕਿ ਮੁਢਲੀ ਪੁਛਗਿਛ ਦੌਰਾਨ ਹਰਬੀਰ ਸਿੰਘ ਨੇ ਦੱਸਿਆ ਕਿ ਉਸ ਦੇ ਪਾਸ ਖਤਰਨਾਕ ਏ ਸ਼੍ਰੇਣੀ ਦੇ ਅਤਿਵਾਦੀ ਹਰਜਿੰਦਰ ਸਿੰਘ ਉਰਫ ਜਿੰਦਾ, ਸੁਖਾ ਸਿਪਾਹੀ, ਦਲਜੀਤ ਸਿੰਘ ਉਰਫ ਬਿਟੂ ਆਦਿ ਰਹਿੰਦੇ ਸਨ ਤੇ ਇਹ ਉਹਨਾਂ ਦੀ ਹਰ ਪੱਖੋਂ ਮੱਦਦ ਵੀ ਕਰਦਾ ਸੀ। ਉਹਨਾਂ ਇੰਕਸ਼ਾਫ ਕੀਤਾ ਕਿ ਫਰਵਰੀ ਮਹੀਨੇ ਵਿਚ ਪੰਜ ਕਰੋੜ 70 ਲੱਖ ਰੁਪਏ ਦੀ ਪੰਜਾਬ ਨੈਸ਼ਨਲ ਬੈਂਕ ਵਿਚ ਹੋਈ ਡਕੈਤੀ ਵਿਚ ਉਹ ਸਬੰਧਤ ਹੈ ਤੇ ਉਸ ਸਮੇਂ ਉਕਤ ਦੋਸ਼ੀ ਇਸ ਦੇ ਘਰ ਵਿਚ ਹੀ ਠਹਿਰੇ ਹੋਏ ਸਨ।

ਸ੍ਰੀ ਗਿੱਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੁਲਸ ਨੇ ਹਰਵਿੰਦਰ ਸਿੰਘ ਉਰਫ ਹੈਪੀ ਨੂੰ ਵੀ ਫੀਲਡ ਗੰਜ ਵਿਚੋਂ ਗ੍ਰਿਫਤਾਰ ਕਰਕੇ ਉਸ ਪਾਸੋਂ ਇਕ ਪਿਸਤੌਲ ਅਤੇ 66 ਕਾਰਤੂਸ ਤੇ ਇਕ ਮਾਰੂਤੀ ਕਾਰ ਵੀ ਬਰਾਮਦ ਕੀਤੀ ਹੈ। ਇਹ ਕਾਰ 6 ਫਰਵਰੀ ਨੂੰ ਗੁਰਦੇਵ ਨਗਰ ਤੋਂ ਖੋਹ ਲਈ ਗਈ ਸੀ ਇਸ ਤੋਂ ਇਲਾਵਾ ਦੋ ਸਕੂਟਰ ਵੀ ਬਰਾਮਦ ਕੀਤੇ ਗਏ ਹਨ ਜਿਹੜੇ ਕਿ ਪਿਸਤੌਲ ਦੀ ਨੋਕ ਤੇ ਖੋਹ ਲਏ ਗਏ ਸਨ। ਉਹਨਾਂ ਦੱਸਿਆ ਕਿ ਕੁਝ ਸਮਾਂ ਪਹਿਲੇ ਓਸਵਾਲ ਮਿਲ ਵਿਚ ਪਈ ਡਕੈਤੀ ਵਿਚ ਹਰਵਿੰਦਰ ਸਿੰਘ ਉਕਤ ਮਾਰੂਤੀ ਕਾਰ ਵਿਚ ਆਇਆ ਸੀ ਅਤੇ ਉਸਦੇ ਨਾਲ ਸੁਰਵਿੰਦਰ ਸਿੰਘ ਉਰਫ ਧਨੀ, ਗੁਰਨਾਮ ਸਿੰਘ ਉਰਫ ਨਿਕੂ ਅਤੇ ਅਵਤਾਰ ਸਿੰਘ ਸਨ ਤੇ ਉਹ ਮਿਲ ਦੇ ਕੁਝ ਵਰਕਰਾਂ ਨੂੰ ਜ਼ਖਮੀ ਕਰਕੇ ਫਰਾਰ ਹੋ ਗਏ ਸਨ। ਉਹਨਾਂ ਦੱਸਿਆ ਕਿ ਸੁਰਵਿੰਦਰ ਸਿੰਘ ਉਰਫ ਬੋਲੀ ਅਤੇ ਗੁਰਨਾਮ ਸਿੰਘ ਉਰਫ ਨਿਕੂ ਨੂੰ ਤਾਂ ਅਹਿਮਦਾਬਾਦ (ਗੁਜਰਾਤ) ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਸੀ ਜਦ ਕਿ ਅਵਤਾਰ ਸਿੰਘ ਪਹਿਲਾ ਹੀ ਗ੍ਰਿਫਤਾਰ ਹੋ ਚੁਕਾ ਹੈ ਕੇਵਲ ਹਰਵਿੰਦਰ ਸਿੰਘ ਹੀ ਬਾਕੀ ਸੀ ਜੋ ਕਿ ਕਾਬੂ ਆ ਗਿਆ।

# ਸਾਂਝੇ ਦਲ ਦੇ ਲੀਡਰਾਂ ਨੂੰ ਗਾਰਡ ਦੇਣ ਪ੍ਰਤੀ ਅਸਹਿਮਤੀ

ਕੰਵਰ ਸੰਧੂ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਸੁਰੱਖਿਆ ਦਲਾਂ ਨੇ ਖਾੜਕੂ ਜਥੇਬੰਦੀਆਂ ਨਾਲ ਸਬੰਧਤ ਅਕਾਲੀ ਦਲ ਦੇ ਸਾਰੇ ਹੀ ਨੇਤਾਵਾਂ ਨੂੰ "ਸੁਰੱਖਿਆ ਛਤਰੀ" ਦੇਣ ਦੇ ਹੁਕਮਾਂ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ ਜਲੰਧਰ ਰੇਂਜ ਦੇ ਡੀ ਆਈ ਜੀ ਪੀ ਸੀ ਡੋਗਰਾ ਨੇ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਜੇ ਐਫ ਰਿਬੇਰੋ ਨੂੰ ਲਿਖੇ ਇਕ ਗੁਪਤ ਪੱਤਰ ਵਿਚ ਸਿਫਾਰਸ਼ ਕੀਤੀ ਹੈ ਕਿ ਉਨ੍ਹਾਂ ਸਭ ਨੇਤਾਵਾਂ ਨੂੰ ਦਿੱਤੇ ਸੁਰੱਖਿਆ ਗਾਰਡ ਵਾਪਸ ਲੈ ਲਏ ਜਾਣ ਜਿਹੜੇ "ਦਹਿਸ਼ਤਪਸੰਦਾਂ ਨਾਲ ਘੁੰਮਦੇ ਫਿਰਦੇ" ਹਨ।

ਪੱਤਰ ਵਿਚ ਡੋਗਰਾ ਨੇ ਵਿਸ਼ੇਸ਼ ਕਰਕੇ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਜਥੇਦਾਰ ਤਲਵੰਡੀ ਅਤੇ ਸਾਬਕਾ ਖੇਤੀ ਮੰਤਰੀ ਹਰਭਜਨ ਸਿੰਘ ਸੰਧੂ ਦਾ ਜ਼ਿਕਰ ਕੀਤਾ ਹੈ ਤੇ ਕਿਹਾ ਹੈ ਕਿ ਇਨ੍ਹਾਂ ਨੇਤਾਵਾਂ ਨੂੰ ਸੁਰੱਖਿਆ ਗਾਰਡ ਦੇਣ ਦਾ "ਮਾੜਾ ਅਸਰ" ਪਏਗਾ; ਕਿਉਂਕਿ ਇਹ ਨੇਤਾ ਇਹੋ ਜਿਹੀਆਂ ਮੀਟਿੰਗਾਂ ਤੇ ਰੈਲੀਆਂ ਨੂੰ ਸੰਬੋਧਨ ਕਰਦੇ ਹਨ ਜਿਨ੍ਹਾਂ ਵਿਚ ਅਤਿਵਾਦੀ ਸ਼ਾਮਲ ਹੁੰਦੇ ਹਨ। ਇਨ੍ਹਾਂ ਮੀਟਿੰਗਾਂ ਵਿਚ ਇਹ ਨੇਤਾ ਸਰਕਾਰ ਵਿਰੁਧ ਅਤੇ ਸੁਰੱਖਿਆ ਦਲਾਂ ਵਿਰੁਧ ਭੜਕਾਊ ਭਾਸ਼ਨ ਕਰਦੇ ਹਨ। ਵਰਨਣਯੋਗ ਇਹ ਹੈ ਕਿ ਪਿਛਲੇ ਹਫਤੇ ਸ੍ਰੀ ਸੰਧੂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਹੱਤਕ ਇਜ਼ਤ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀਆਂ ਹਦਾਇਤਾਂ ਉਤੇ ਉਨ੍ਹਾਂ ਦੇ ਸੁਰੱਖਿਆ ਗਾਰਡ ਵਾਪਸ ਲੈ ਲਏ ਗਏ ਹਨ। ਚੇਤੇ ਰਹੇ ਕਿ ਪੰਜਾਬ ਸਰਕਾਰ ਨੇ 25 ਮਾਰਚ ਨੂੰ ਇਹ ਲਿਖ ਕੇ ਦਿੱਤਾ ਸੀ ਕਿ ਸ੍ਰੀ ਸੰਧੂ ਨੂੰ ਦੋ ਸੁਰੱਖਿਆ ਗਾਰਡ ਦਿੱਤੇ ਜਾਣਗੇ। ਭਾਵੇਂ ਅਕਾਲੀ ਦਲ (ਲੌਂ:) ਤੋਂ ਵੱਖ ਹੋਏ ਅਕਾਲੀ ਦਲ ਦੀ ਸੁਰੱਖਿਆ ਕਾਫੀ ਘੱਟ ਗਈ ਹੈ ਤਾਂ ਵੀ ਸਾਰੇ ਉਘੇ ਨੇਤਾਵਾਂ ਕੋਲ ਸੁਰੱਖਿਆ ਗਾਰਡ ਹਨ।

ਸ. ਬਾਦਲ ਦੀ ਕੋਠੀ ਅੱਗੇ ਪਹਿਲਾਂ 15 ਸੁਰੱਖਿਆ ਗਾਰਡ ਸਨ ਜੋ ਘੱਟ ਕੇ 7 ਰਹਿ ਗਏ ਹਨ। ਟੌਹੜਾ ਤੇ ਜਥੇਦਾਰ ਤਲਵੰਡੀ ਨੂੰ ਤਾਂ ਐਸਕਾਰਟ ਕਾਰਾਂ ਵੀ ਮੁਹਈਆਂ ਕੀਤੀਆਂ ਗਈਆਂ ਸਨ, ਪਰ ਉਹ ਮਗਰੋਂ ਵਾਪਸ ਲੈ ਲਈਆਂ ਗਈਆਂ। ਇਕ ਸਮਾਂ ਅਜਿਹਾ ਸੀ ਜਦੋਂ ਟੌਹੜਾ ਕੋਲ 100 ਸੁਰੱਖਿਆ ਗਾਰਡ ਸਨ ਜਿਨ੍ਹਾਂ ਵਿਚੋਂ ਉਸ ਦੇ ਆਪਣੇ ਜੱਦੀ ਪਿੰਡ ਵਿਚ ਤਾਇਨਾਤ ਸੁਰੱਖਿਆ ਗਾਰਡ ਵੀ ਸ਼ਾਮਲ ਸਨ। ਪਰ ਹੁਣ ਉਸ ਦੇ ਪਿੰਡ ਵਾਲੇ ਘਰ ਵਿਚ ਇਕ ਵੀ ਸੁਰੱਖਿਆ ਗਾਰਡ ਨਹੀਂ ਹੈ। ਯਾਦ ਰਹੇ ਕਿ ਟੌਹੜਾ ਰਾਏਪੁਰ (ਮੱਧ ਪ੍ਰਦੇਸ਼) ਜੇਲ੍ਹ ਵਿਚ ਨਜ਼ਰਬੰਦ ਹਨ ਜਦ ਕਿ ਬਾਦਲ ਜੱਬਲਪੁਰ ਜੇਲ੍ਹ ਵਿਚ ਬੰਦ ਹਨ।

ਸੰਧੂ ਤੋਂ ਇਲਾਵਾ ਜਿਨ੍ਹਾਂ ਨੂੰ ਇਕ ਬੁਲਿਟ ਪਰੂਫ ਜਾਕਿਟ ਵੀ ਦਿੱਤੀ ਗਈ। ਜਿਨ੍ਹਾਂ ਨੇਤਾਵਾਂ ਕੋਲ ਸੁਰੱਖਿਆ ਗਾਰਡ ਹਨ, ਉਨ੍ਹਾਂ ਵਿਚ ਬਸੰਤ ਸਿੰਘ ਖਾਲਸਾ ਤੇ ਨਿਰਮਲ ਸਿੰਘ ਕਾਹਲੋਂ ਵੀ ਸ਼ਾਮਲ ਹਨ। ਇਨ੍ਹਾਂ ਕੋਲ 2-2 ਸੁਰੱਖਿਆ ਗਾਰਡ ਹਨ।

# ਰਾਜੀਵ ਗਾਂਧੀ ਜਨਰਲ ਚੋਣਾਂ ਜਲਦੀ ਕਰਾਉਣ ਦੇ ਮੂਡ ਵਿਚ

## ਸਾਥੀਆਂ ਨਾਲ ਸਲਾਹ ਮਸ਼ਵਰੇ

ਨਵੀਂ ਦਿੱਲੀ:—ਉਘੇ ਪੱਤਰਕਾਰ ਕੁਲਦੀਪ ਨਈਅਰ ਨੇ ਇਕ ਲੇਖ ਵਿਚ ਰਾਜੀਵ ਕਾਂਗਰਸ ਅਤੇ ਦੇਸ਼ ਦੀ ਮੌਜੂਦਾ ਹਾਲਤ ਦਾ ਜਾਇਜ਼ਾ ਲੈਂਦਿਆਂ ਲਿਖਿਆ ਹੈ ਕਿ ਕੇਰਲ,ਪੱਛਮੀ ਬੰਗਾਲ ਦੇ ਚੋਣ ਨਤੀਜਿਆਂ,ਪ੍ਰਧਾਨ ਮੰਤਰੀ ਦੇ ਰਾਸ਼ਟਰਪਤੀ ਨਾਲ ਛਿੜੇ ਵਾਦ-ਵਿਵਾਦ ਅਤੇ ਵੀ.ਪੀ. ਸਿੰਘ ਦੇ ਮਾਮਲੇ ਨੇ ਰਾਜੀਵ ਗਾਂਧੀ ਦੀ ਪੋਜ਼ੀਸ਼ਨ ਨੂੰ ਧੱਕਾ ਦਿੱਤਾ ਹੈ। ਪਰ ਰਾਜੀਵ ਗਾਂਧੀ ਨੇ ਇਸ ਤੋਂ ਕੁਝ ਸਬਕ ਸਿੱਖਣ ਦੀ ਬਜਾਏ ਕਾਂਗਰਸ ਵਿਚੋਂ ਆਪਣੇ ਵਿਰੋਧੀਆਂ ਦਾ ਸਫਾਇਆ ਕਰਨ ਦੀ ਮੁਹਿਮ ਸ਼ੁਰੂ ਕਰ ਦਿੱਤੀ ਹੈ। ਵੀ.ਪੀ.ਸਿੰਘ ਨੂੰ ਕੱਢਣ ਤੋਂ ਬਾਅਦ ਹੁਣ ਉੜੀਸਾ ਤੇ ਬਿਹਾਰ ਦੇ ਮੁੱਖ ਮੰਤਰੀ ਜਲਦੀ ਬਦਲੇ ਰਾ ਰਹੇ ਹਨ। ਕੇਰਲਾ,ਬੰਗਾਲ ਤੇ ਕਸ਼ਮੀਰ ਦੀਆਂ ਚੋਣਾਂ ਵਿਚ ਉਹਨੇ ਆਪਣੇ ਨਵੇਂ ਵਫਾਦਾਰ ਅੱਗੇ ਲਿਆਉਣ ਦਾ ਯਤਨ ਕੀਤਾ ਪਰ ਅਸਫਲ ਰਿਹਾ। ਹੁਣ ਵੀ ਇਹ ਸੰਭਾਵਨਾ ਹੈ ਕਿ ਉਹ ਜਨਰਲ ਚੋਣਾਂ ਸਮੇਂ ਤੋਂ ਪਹਿਲਾਂ ਕਰਵਾ ਦੇਣਗੇ ਕਿਉਂਕਿ ਪੂਰੀ ਮਿਆਦ ਤੱਕ ਦੇਸ਼ ਦੇ ਹਾਲਾਤ ਹੋਰ ਵਿਗੜਨ ਦਾ ਖਤਰਾ ਹੈ। ਚੋਣਾਂ ਦੇ ਐਲਾਨ ਨਾਲ ਸਮੁੱਚੇ ਦੇਸ਼ ਵਾਸੀਆਂ ਦਾ ਧਿਆਨ ਬਦੇਸ਼ੀ ਬੈਂਕਾਂ ਵਿਚ ਰਕਮ ਜਮ੍ਹਾਂ ਕਰਾਉਣ ਅਤੇ ਰਾਸ਼ਟਰਪਤੀ ਨਾਲ ਛਿੜੇ ਝਗੜੇ ਵਲੋਂ ਹਟ ਜਾਇਗਾ। ਆਪਣੇ ਨਵੇਂ ਸਲਾਹਕਾਰਾਂ ਤੋਂ ਪ੍ਰਧਾਨ ਮੰਤਰੀ ਸਲਾਹਾਂ ਲੈ ਰਹੇ ਹਨ।

# 'ਹਿਨਾ' ਨੂੰ ਫਿਲਮਾਉਣ ਲਈ ਰਾਜਕਪੂਰ ਜ਼ਿਆ ਨੂੰ ਖਤ ਲਿਖਣਗੇ

ਨਵੀਂ ਦਿੱਲੀ:—ਰਾਜਕਪੂਰ ਨੇ ਆਪਣੀ 'ਹਿਨਾ' ਫਿਲਮ ਬਣਾਉਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਸ ਫਿਲਮ ਵਿਚ ਰਾਜਕਪੂਰ ਨੇ ਆਪਣੀ ਜਨਮ ਭੂਮੀ ਪਿਸ਼ਾਵਰ ਨੂੰ ਫਿਲਮਾਉਣ ਦਾ ਮਨ ਬਣਾਇਆ ਹੈ। ਪਾਕਿਸਤਾਨ ਸਰਕਾਰ ਦੀ ਪ੍ਰਵਾਨਗੀ ਨਾਲ ਉਹ ਫਿਲਮ ਦੇ ਕੁਝ ਹਿੱਸੇ ਇਸ ਧਰਤੀ ਉਤੇ ਫਿਲਮਾਉਣ ਲਈ ਪ੍ਰਧਾਨ ਜ਼ਿਆ ਨਾਲ ਚਿੱਠੀ ਪੱਤਰ ਕਰ ਰਹੇ ਹਨ। ਜੇਕਰ ਲੋੜ ਪਈ ਤਾਂ ਉਹ ਪਾਕਿਸਤਾਨ ਜਾਕੇ ਜ਼ਿਆ ਨਾਲ ਮੁਲਾਕਾਤ ਵੀ ਕਰਨਗੇ। ਰਾਜਕਪੂਰ ਦਾ ਦਾਅਵਾ ਹੈ ਕਿ ਇਹ ਫਿਲਮ ਦੋਵਾਂ ਦੇਸ਼ਾਂ ਦੇ ਲੋਕ ਪਸੰਦ ਕਰਨਗੇ ਅਤੇ ਇਸ ਨਾਲ ਦਿਲਾਂ ਦੀ ਨਫਰਤ ਦੂਰ ਹੋਏਗੀ।

# ਸਿੰਘ ਸਾਹਿਬ ਦੇ ਭਾਸ਼ਨਾਂ 'ਚ ਗਰਮੀ ਹੈ ਪਰ ਖਾਲਿਸਤਾਨ ਨਹੀਂ

ਚੰਡੀਗੜ੍ਹ:—ਭਰੋਸੇਯੋਗ ਵਸੀਲਿਆਂ ਨੇ ਕਿਹਾ ਹੈ ਕਿ ਸਿੰਘ ਸਾਹਿਬ ਪ੍ਰੋ.ਦਰਸ਼ਨ ਸਿੰਘ ਨੇ ਖਾਲਿਸਤਾਨ ਦੀ ਗੱਲ ਕਰਨੀ ਬੰਦ ਕਰ ਦਿੱਤੀ ਹੈ ਅਤੇ ਸਵਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਉਤੇ ਨੁਕਤਾਚੀਨੀ ਵੀ ਛੱਡ ਦਿੱਤੀ ਹੈ। ਇਸਤੋਂ ਇਲਾਵਾ ਉਨ੍ਹਾਂ ਨੇ ਆਪਣੇ ਆਲੇ ਦੁਆਲੇ ਦੇ ਗਰਮ ਖਿਆਲੀ ਨੌਜਵਾਨਾਂ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੀਆਂ ਮੰਗਾਂ ਸੰਵਿਧਾਨ ਦੇ ਅੰਦਰ ਰਹਿ ਕੇ ਚੁਕਣੀਆਂ ਚਾਹੀਦੀਆਂ ਹਨ ਨਾ ਉਹ ਖੁਦ ਅਤੇ ਨਾ ਹੀ ਸਾਂਝਾ ਅਕਾਲੀ ਦਲ ਆਨੰਦਪੁਰ ਦੇ ਮਤੇ ਤੋਂ ਬਾਹਰ ਜਾਣਾ ਚਾਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਆਨੰਦਪੁਰ ਦਾ ਮਤਾ ਰਾਜਾਂ ਲਈ ਵਧੇਰੇ ਰਾਜਸੀ ਤੇ ਮਾਮੂਲੀ ਅਧਿਕਾਰਾਂ ਦੀ ਮੰਗ ਕਰਦਾ ਹੈ। ਇਸਤੋਂ ਵੱਧ ਕੁਝ ਨਹੀਂ।

ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ ਪ੍ਰੋ.ਦਰਸ਼ਨ ਸਿੰਘ ਆਪਣੇ ਅੰਮ੍ਰਿਤ ਪ੍ਰਚਾਰ ਮੀਟਿੰਗਾਂ ਤੇ ਕਾਨਫਰੰਸਾਂ ਵਿਚ ਭੜਕਾਹਟ ਭਰੇ ਭਾਸ਼ਨ ਦੇਂਦੇ ਹਨ ਪਰ ਕਿਤੇ ਵੀ ਖਾਲਿਸਤਾਨ ਦੀ ਗੱਲ ਨਹੀਂ ਕਰਦੇ ਅਤੇ ਨਾ ਹੀ ਸੰਤ ਲੌਂਗੋਵਾਲ ਉਤੇ ਨੁਕਤਾਚੀਨੀ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੰਤ ਜੀ ਭੋਲੇ ਲੋਕ ਸਨ ਉਨ੍ਹਾਂ ਤੋਂ ਸਮਝੌਤੇ ਉਤੇ ਦਸਤਖਤ ਕਰਵਾਏ ਗਏ ਸਨ। ਇਸ ਲਈ ਨੁਕਤਾਚੀਨੀ ਸ੍ਰ.ਬਰਨਾਲਾ ਅਤੇ ਸ੍ਰ.ਬਲਵੰਤ ਸਿੰਘ ਉਤੇ ਹੋਣੀ ਚਾਹੀਦੀ ਹੈ।

## ਗੜਿਆਂ ਕਾਰਨ 16 ਮਰੇ

ਪਟਨਾ — ਬਿਹਾਰ ਦੇ ਇਸ ਸ਼ਹਿਰ ਵਿਚ ਗੜਿਆਂ ਕਾਰਨ 16 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਮਿਲੀ ਹੈ। 150 ਦੇ ਕਰੀਬ ਵਿਅਕਤੀ ਜ਼ਖਮੀ ਹੋਏ। ਗੜਿਆਂ ਨੇ ਦੋ ਹਵਾਈ ਜਹਾਜ਼ ਵੀ ਨਕਾਰਾ ਕਰ ਦਿੱਤੇ।

# ਬਿੱਲ 19 ਅਤੇ 20 ਦਾ ਭਾਰੀ ਵਿਰੋਧ

ਵਿਕਟੋਰੀਆ — ਮਜ਼ਦੂਰ ਯੂਨੀਅਨਾਂ ਨੂੰ ਕਮਜ਼ੋਰ ਕਰਨ ਵਾਲੇ ਬਿੱਲ 19 ਦਾ ਵਿਰੋਧ ਕਰਨ ਲਈ ਸਾਰੀਆਂ ਮਜ਼ਦੂਰ ਯੂਨੀਅਨਾਂ ਇਸ ਸਮੇਂ ਬੀ. ਸੀ. ਵਿਚ ਕਮਰਕਸੇ ਕਰ ਰਹੀਆਂ ਹਨ। ਅਖਬਾਰਾਂ ਵਿਚ ਵੱਖ ਵੱਖ ਯੂਨੀਅਨਾਂ ਵਲੋਂ ਇਸ਼ਤਿਹਾਰ ਦਿਤੇ ਜਾ ਰਹੇ ਹਨ ਅਤੇ ਰੈਲੀਆਂ ਜਥੇਬੰਦ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਅਧਿਆਪਕਾਂ ਵਲੋਂ ਬਿੱਲ-20 ਦਾ ਵਿਰੋਧ 'ਵਰਕ ਟੂ ਰੂਲ' ਕਰਕੇ ਕੀਤਾ ਜਾ ਰਿਹਾ ਹੈ। ਪਿਛਲੇ ਚਾਰ ਦਿਨ ਬੀ. ਸੀ. ਸਰਕਾਰ ਦੇ ਨੁਮਾਇੰਦਿਆਂ ਅਤੇ ਟੀਚਰ ਫੈਡਰੇਸ਼ਨ ਵਿਚਕਾਰ ਹੋ ਰਹੀ ਗੱਲਬਾਤ ਫੇਅਲ ਹੋ ਗਈ ਹੈ।

# ਲੜਾਕੇ ਜਹਾਜ਼ ਮਿਗ-29 ਭਾਰਤ ਪੁੱਜੇ

ਨਵੀਂ ਦਿੱਲੀ — ਲੜਾਕੇ ਮਿਗ-29 ਜਹਾਜ਼ਾਂ ਦੀਆਂ ਦੋ ਸਕੁਐਡਰਨਾਂ ਭਾਰਤ ਪੁੱਜ ਗਈਆਂ ਹਨ। ਇਹ ਜਹਾਜ਼ ਇਕੱਲੇ ਸੋਵੀਅਤ ਕੋਲ ਹਨ। ਭਾਰਤ ਪਹਿਲਾ ਦੇਸ਼ ਹੈ ਜਿਸਨੇ ਇਹ ਜਹਾਜ਼ ਸੋਵੀਅਤ ਤੋਂ ਖਰੀਦੇ ਹਨ।

ਪਾਕਿਸਤਾਨ ਵਲੋਂ ਅਮਰੀਕਾ ਤੋਂ ਐਫ਼-16 ਜੈਟ ਲਏ ਜਾਣ ਤੋਂ ਬਾਅਦ ਭਾਰਤ ਨੇ ਸੋਵੀਅਤ ਨੂੰ ਬੇਨਤੀ ਕੀਤੀ ਸੀ ਕਿ ਉਹ ਮਿਗ-29 ਜਲਦੀ ਮੁਹੱਈਆ ਕਰੇ। ਭਾਰਤ ਨੇ 40 ਜਹਾਜ਼ ਮੰਗੇ ਸਨ। ਮਿਗ-29 ਅੱਗੇ ਤੋਂ ਭਾਰਤ ਵਿਚ ਬਣਾਏ ਜਾਣਗੇ। ਭਾਰਤ ਮਿਗ-27 ਅੱਗੇ ਹੀ ਤਿਆਰ ਕਰਦਾ ਹੈ।

# ਮੁਹਿੰਦਰ ਸਿੰਘ ਸਾਥੀ ਦਿੱਲੀ ਦੇ ਮੇਅਰ

ਨਵੀਂ ਦਿੱਲੀ:—ਮੁਹਿੰਦਰ ਸਿੰਘ ਸਾਥੀ ਨੂੰ 6ਵੀਂ ਵਾਰ ਦਿੱਲੀ ਦਾ ਮੇਅਰ ਚੁਣ ਲਿਆ ਗਿਆ ਹੈ। ਮਿਸ਼ਿਜ਼ ਅੰਜਨਾ ਕੰਵਰ ਨੂੰ ਡਿਪਟੀ ਮੇਅਰ ਚੁਣਿਆ ਗਿਆ। ਇਹ ਚੋਣ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਦੀ ਖਾਸ ਮੀਟਿੰਗ ਵਿਚ ਕੀਤੀ ਗਈ।


**Rokko Sarees & Fabrics**

**6201-6205 Fraser St., Vancouver, B.C. V5W 3A2**

**Tel: (604) 327-3033**

**ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ**

**ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ**




**ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ**

IMPORTERS • MANUFACTURERS REPRESENTATIVES • EXPORTERS

# ਦੱਖਣੀ ਅਫਰੀਕਾ ਵਿਚ ਕਾਲਿਆਂ ਵਲੋਂ ਕੰਮ ਦਾ ਬਾਈਕਾਟ



ਜੌਹਨਸਬਰਗ — ਦੱਖਣੀ ਅਫਰੀਕਾ ਦੇ ਤਾਕਤਹੀਣ ਕਾਲਿਆਂ ਦੇ ਹੱਥਾਂ ਵਿਚ ਇਕੋ ਇਕ ਸਿਆਸੀ ਹਥਿਆਰ ਰਹਿ ਗਿਆ ਹੈ — ਵਿਖਾਵਾ, ਬਾਈਕਾਟ, ਵੀਟੋ, ਹੜਤਾਲ ਜਾਂ ਕੰਮ ਰੋਕ ਕੇ ਬੈਠਣਾ। ਇਕ ਜਥੇਬੰਦ, ਸ਼ਾਂਤਮਈ ਰੋਸ ਵਜੋਂ, ਅੱਜ ਦੀ ਆਮ ਚੋਣ, ਜੋ ਸਿਰਫ ਚਿੱਟਿਆਂ ਲੋਕਾਂ ਦੀਆਂ ਵੋਟਾਂ ਹਨ, ਵਾਲੇ ਦਿਨ ਲੱਖਾਂ ਲੋਕ ਮੰਗਲਵਾਰ ਨੂੰ ਘਰੋਂ ਕੰਮ ਤੇ ਨਾ ਗਏ ਕਿਉਂਕਿ ਉਹ ਚੇਤਾਵਨੀ ਦੇਣਾ ਚਾਹੁੰਦੇ ਸਨ ਕਿ ਸਾਨੂੰ ਵੋਟ ਦਾ ਅਧਿਕਾਰ ਪ੍ਰਾਪਤ ਨਹੀਂ।

ਹੈਲੀਕੋਪਟਰ ਤੇ ਛੋਟੇ ਜਹਾਜ਼ਾਂ ਦੇ ਸੁੰਨਸਾਨ ਸ਼ਹਿਰਾਂ ਉਪਰ ਉਡਾਕੇ ਜਾਤੀ ਰੱਖਿਆ ਦੀ ਗਰੰਟੀ ਦੇਣ ਦੀ ਬਰਾਡਕਾਸਟ ਕਰਨ ਦੇ ਬਾਵਜੂਦ ਕਾਮੇ ਘਰੋਂ ਬਾਹਰ ਨਹੀਂ ਨਿਕਲੇ। ਪ੍ਰਧਾਨ ਬੋਥਾ ਵਲੋਂ ਆਪਣੇ ਨਾਂ ਜਾਰੀ ਕੀਤੇ ਇਕ ਪੈਂਫਲਿਟ ਵਿਚ ਵਾਅਦੇ ਕੀਤੇ ਗਏ ਸਨ ਕਿ ਜਦ ਉਹ ਦੋਬਾਰਾ ਚੋਣ ਜਿੱਤ ਗਿਆ — ਉਹ ਅਜਿਹੇ ਸੁਧਾਰ ਕਰੇਗਾ ਜਿਨ੍ਹਾਂ ਨਾਲ ਵਿਧਾਨਕ ਤੌਰ ਤੇ ਕਾਲਿਆਂ ਨੂੰ ਰਾਜਸੀ ਤਾਕਤ 'ਚ ਹਿਸਾ ਮਿਲ ਸਕੇਗਾ — ਆਦਿ ਬਾਰੇ ਕਿਸੇ ਨੇ ਗੌਰ ਨਹੀਂ ਕੀਤੀ।

ਜਦੋਂ ਕਿ ਰੇਲ ਗੱਡੀਆਂ ਚਲਦੀਆਂ ਰਹੀਆਂ, ਬੱਸਾਂ ਤੇ ਟੈਕਸੀਆਂ ਦੀ ਸਰਵਿਸ ਬਿਲਕੁਲ ਬੰਦ ਸੀ। ਚੋਣ ਤੋਂ ਪਹਿਲਾਂ ਦੀ ਚੁੱਪ ਨੂੰ ਜ਼ਿੰਮਬਾਵੇ ਬਾਰਡਰ ਨੇੜੇ ਉਤਰੀ ਟਰਾਂਸਵੈਲ ਸੂਬੇ ਦੀ ਭਗਦੜ ਨੇ ਤੋੜ ਦਿਤਾ, ਜੋ ਕਿ ਉਥੋਂ ਦੀਆਂ ਖਾਨਾਂ 'ਚ ਹੋ ਗਈ ਸੀ।

ਜਦੋਂ ਕਿ ਸੁਰੱਖਿਆ ਚੋਣ ਮੁਹਿੰਮ ਦਾ ਮੁਖ ਮਸਲਾ ਸੀ। ਇਸ ਦਾ ਵੋਟਰਾਂ ਉਪਰ ਦੁਖਦਾਈ ਅਸਰ ਉਨ੍ਹਾਂ ਨੂੰ ਸੱਤਾ ਅਧੀਨ ਨੈਸ਼ਨਲ ਪਾਰਟੀ ਨੂੰ ਹਿਮਾਇਤ ਵਾਸਤੇ ਮਜ਼ਬੂਰ ਕਰ ਸਕਦਾ ਹੈ। ਕਿਉਂਕਿ ਇਸ ਪਾਰਟੀ ਨੇ ਸਿਵਲ ਅਜ਼ਾਦੀਆਂ ਨੂੰ ਸਥਗਿਤ ਕਰ ਦਿੱਤਾ ਸੀ, ਇਸ ਕਰਕੇ ਹੋਰ ਸਖਤ ਕਦਮਾਂ ਵਾਲੀ ਸੱਜੇ ਪੱਖੀ ਪਾਰਟੀ ਦੇ ਉਮੀਦਵਾਰ ਵੀ ਜਿੱਤ ਸਕਦੇ ਹਨ। ਵੋਟਰਾਂ ਨੂੰ ਸਿਆਸੀ ਢਾਂਚੇ ਵਿਰੁੱਧ ਬਾਈਕਾਟ ਦਾ ਹਥਿਆਰ ਦੀ ਵਰਤੋਂ ਕਰਕੇ ਇਸ ਦੇ ਵਿਰੁੱਧ ਬੇਵਿਸ਼ਵਾਸ਼ੀ ਦਿਖਾਉਣ ਲਈ ਵੀ ਸੱਦਾ ਦਿੱਤਾ ਗਿਆ ਹੈ।

## ਅਸੈਂਬਲੀ ਦਾ ਰੋਲ

30 ਲੱਖ ਤੋਂ ਉਪਰ ਚਿੱਟੇ ਲੋਕ 400 ਉਮੀਦਵਾਰਾਂ ਹੈ 166 ਚੋਣ ਹਲਕਿਆਂ ਵਿਚੋਂ ਚੁਣ ਸਕਣ ਦੇ ਹੱਕਦਾਰ ਹਨ। ਯੂਨਾਈਟਿਡ ਡੈਮੋਕਰੈਟਿਕ ਫਰੰਟ, ਜੋ ਕਿ ਕਾਨੂੰਨੀ ਰੂਪ ਵਿਚ ਸਭ ਤੋਂ ਵੱਡੀ ਦੇਸ਼ ਦੀ ਕੋਲੀਸ਼ਨ ਹੈ, ਨੇ ਦਾਅਵਾ ਕੀਤਾ ਹੈ ਚਿਟੀਆਂ ਵੋਟਾਂ ਵਲੋਂ ਬਾਈਕਾਟ ਬੋਥਾ ਨੂੰ ਚਿਤਾਵਨੀ ਹੋਵੇਗੀ ਕਿ ਬਹੁ ਗਿਣਤੀ ਵੋਟਰ ਉਸਦੀਆਂ ਨੀਤੀਆਂ ਨੂੰ ਪ੍ਰਵਾਨ ਨਹੀਂ ਕਰਦੇ। ਇਸ ਫਰੰਟ ਦੇ ਮਰਫੀ ਮੋਰੋਬ ਨੇ ਕਿਹਾ ਕਿ ਜਮਹੂਰੀ ਤਬਦੀਲੀ ਲਈ ਅਸਲ ਸ਼ਕਤੀ ਸੋਮਾ ਨਸਲਵਾਦੀ ਪਾਰਲੀਮੈਂਟ ਨਹੀਂ ਹੈ।

ਉਸ ਨੇ ਅਗੋਂ ਕਿਹਾ, "ਇਹ ਲੋਕਾਂ ਦੇ ਅਧਾਰ ਵਲੋਂ ਪਾਰਲੀਮੈਂਟ ਤੋਂ ਬਾਹਰਲੇ ਸੰਘਰਸ਼ ਹੀ ਹਨ, ਜੋ ਲੱਖਾਂ ਹੀ ਦੱਖਣੀ ਅਫਰੀਕਾ ਦੇ ਲੋਕਾਂ ਕਾਲਿਆਂ ਤੇ ਚਿਟਿਆਂ ਦੇ, ਜਿਸ ਦੇ ਸਿਟੇ ਵਜੋਂ ਸੈਂਕੜੇ ਟਰੇਡ ਯੂਨੀਅਨਾਂ ਸਿਵਲ, ਵਿਦਿਆਰਥੀ, ਨੌਜਵਾਨ, ਔਰਤਾਂ, ਧਾਰਮਿਕ ਤੇ ਹੋਰ ਅਗਾਂਹਵਧੂ ਜਥੇਬੰਦੀਆਂ ਬਣ ਚੁੱਕੀਆਂ ਹਨ।

ਫਿਰ ਵੀ ਹੈਲਨ ਸੁਜਮੈਨ ਜੋ ਕਿ ਹਾਊਸ ਆਫ ਅਸੈਂਬਲੀ ਦੀ ਲੰਬੇ ਸਮੇਂ ਤੋਂ ਵਿਰੋਧੀ ਮੈਂਬਰ ਹੈ ਕਹਿੰਦੀ ਹੈ ਕਿ ਚਿਟੇ ਪਾਰਲੀਮੈਂਟਰੀ ਸਿਆਸਤਦਾਨਾਂ ਦਾ ਸਿਸਟਮ ਖੋਲ੍ਹਣ ਤੋਂ ਪਹਿਲਾਂ ਬਹੁਤ ਮਹੱਤਵਪੂਰਨ ਕੰਮ ਕਰਨਾ ਬਾਕੀ ਹੈ। ਮਿਸਾਲ ਵਜੋਂ ਦਸ ਮਹੀਨੇ ਲੰਬੀ ਐਮਰਜੈਂਸੀ ਦੌਰਾਨ ਉਹ ਤੇ ਉਸਦੇ ਸਾਥੀਆਂ ਨੇ ਸਿਵਲ ਅਧਿਕਾਰਾਂ ਦੇ ਜਬਰ ਵਿਰੁੱਧ ਪਾਰਲੀਮਾਨੀ ਰਿਵਾਇਤਾਂ ਦੇ ਦੁਰਉਪਯੋਗ ਦਾ ਪਰਦਾ ਫਾਸ਼ ਕਰਨ ਲਈ ਵਰਨਣਯੋਗ ਪਰਚਾਰ ਕੀਤਾ।

# ਜਗਜੀਤ ਤੇ ਚਿਤਰਾ ਸਿੰਘ ਦਾ ਲਾਜਵਾਬ ਸ਼ੋਅ



ਪਿਛਲੇ ਹਫਤੇ 3 ਮਈ ਨੂੰ ਕੁਈਨ ਅਲਿਜ਼ਬੈਥ ਥੇਟਰ ਵਿਚ, ਗ਼ਜ਼ਲਾਂ ਦੇ ਸਮਰਾਟ, ਮਸ਼ਹੂਰ ਗਾਇਕਾਂ ਦੀ ਟੀਮ ਜਗਜੀਤ ਤੇ ਚਿਤਰਾ ਸਿੰਘ ਵਲੋਂ ਇਕ ਸ਼ਾਨਦਾਰ ਸ਼ੋਅ ਕੀਤਾ ਗਿਆ। ਇਸ ਸ਼ੋਅ ਦਰਮਿਆਨ ਸਾਰੇ ਸਰੋਤੇਗਣ ਮਨ ਮੁਗਧ ਸਾਜ਼ ਨੂੰ ਘੰਟਿਆਂ ਬੱਧੀ ਸੁਣਦੇ ਰਹੇ। ਇਸ ਸ਼ੋਅ ਨੂੰ ਕਲਾਸੀਕਲ ਪ੍ਰੋਗਰਾਮਾਂ ਦੇ ਤਜਰਬੇਕਾਰ ਪ੍ਰਸ਼ੰਸਕ, ਮਿ: ਹਰਚੰਦ ਸਿੰਘ ਜੋਸ਼ ਨੇ ਸੁਪਰ ਸਟਾਰ ਪ੍ਰੋਮੋਸ਼ਨਜ਼ ਵਲੋਂ ਪੇਸ਼ ਕਰਵਾਇਆ ਸੀ। ਆਪ ਨੇ ਪਹਿਲਾਂ ਵੀ ਫਿਲਮੀ ਸਟਾਰਾਂ ਤੇ ਗਾਇਕਾਂ ਦੇ ਕਈ ਸਫਲ ਪਰੋਗਰਾਮ ਇਥੇ ਕਰਵਾਏ ਸਨ।

ਇਸ ਧੁੰਮਾਂ ਪਾਉਣ ਵਾਲੇ ਸ਼ੋਅ ਦੀ ਕਾਮਯਾਬੀ ਲਈ ਮਸ਼ਹੂਰ ਗਾਇਕਾਂ ਤੋਂ ਬਿਨਾਂ ਮਿਊਜ਼ਿਕ ਵਿਚ ਮਾਹਰ ਬੰਸਰੀ ਦੇ ਖਾਸ ਉਸਤਾਦ ਰੋਣੂ ਮਜੂਮਦਾਰ ਦਾ ਖਾਸ ਹੱਥ ਹੈ। ਮਿ: ਮਜੂਮਦਾਰ ਨੇ ਬਾਰਾਂ ਸਾਲ ਦੀ ਉਮਰ ਵਿਚ ਪਹਿਲਾ ਕਮਾਲ ਹਰਬਲਭ ਦੇ ਮੇਲੇ ਦੇ ਮੁਕਾਬਲੇ ਤੇ ਜਾਕੇ ਵਿਖਾਇਆ ਸੀ। ਜੋ ਹੁਣ ਨੌਜਵਾਨ ਕਲਾਕਾਰ ਦੇ ਤੌਰ ਤੇ ਉਭਰ ਆਏ ਹਨ। ਇਸ ਤੋਂ ਇਲਾਵਾ ਦੋ ਕਲਾਕਾਰਾਂ ਬੇਅੰਤੀ ਲਾਲ ਤੇ ਅਰਸ਼ਦ ਨੇ ਹੁਣ ਤੱਕ ਗਿਟਾਰ ਤੇ ਹੋਰ ਸਾਜਾਂ ਦੀ ਕਮਾਲ ਵਿਖਾਈ। ਇਨ੍ਹਾਂ ਦੇ ਹੁਣ ਤੱਕ ਚਾਰ ਐਲਬਮ ਪ੍ਰਕਾਸ਼ਿਤ ਹੋ ਚੁੱਕੇ ਹਨ। ਤਬਲਾ ਮਾਹਰ ਮਿ: ਸੰਜੀਵ ਸੇਨ ਨੇ ਤਬਲੇ ਦੀ ਕਮਾਲ ਦੀ ਪੇਸ਼ਕਾਰੀ ਵਿਖਾਈ।

ਸ਼ੋਅ ਦੇ ਪਹਿਲੇ ਅੱਧ ਵਿਚ ਤਕਰੀਬਨ ਸਾਰੇ ਨਵੇਂ ਆਈਟਮ ਪੇਸ਼ ਕੀਤੇ ਗਏ। ਅਗਲੇ ਅੱਧੇ ਟਾਈਮ ਵਿਚ ਜਗਜੀਤ ਤੇ ਚਿਤਰਾ ਸਿੰਘ ਨੇ ਲੋਕਾਂ ਦੀਆਂ ਫਰਮਾਇਸ਼ਾਂ ਨੂੰ ਪੂਰਾ ਕਰਦਿਆਂ ਕੁਝ ਕੁ ਨਵੇਂ ਆਈਟਮ ਵੀ ਪੇਸ਼ ਕੀਤੇ। ਕਿਉਂਕਿ ਹਾਲ ਦਾ ਟਾਈਮ 12 ਰਾਤ ਤੱਕ ਖੁਲ੍ਹਾ ਸੀ, ਇਸ ਲਈ ਅੰਤ ਕਰਨ ਤੋਂ ਪਹਿਲਾਂ ਦੋ ਗ਼ਜ਼ਲਾਂ ਪੇਸ਼ ਕਰਕੇ ਫਿਰ ਵੀ Last to last ਕਰਨ ਤੱਕ ਦੋ ਤਿੰਨ ਆਈਟਮਾਂ ਇਨਾਂ ਮਸ਼ਹੂਰ ਗਾਇਕਾਂ ਨੇ ਪੇਸ਼ ਕੀਤੀਆਂ।

ਜਿਥੇ ਅਸੀਂ ਪਰੋਗਰਾਮ ਦੀ ਸਫਲਤਾ ਦਾ ਸਿਹਰਾ ਸਾਰੀ ਟੀਮ ਦੇ ਸਿਰ ਬੰਨਦੇ ਹਾਂ ਤਾਂ ਅਸੀਂ ਸਟੇਜ ਦੇ ਪ੍ਰਬੰਧ ਲਈ ਅਤੇ ਪਰੋਗਰਾਮ ਨੂੰ ਰਸਮਈ ਬਨਾਉਣ ਲਈ ਕਮਿਊਨਿਟੀ 'ਚ ਪਹਿਲਾਂ ਹੀ ਪ੍ਰਸਿਧ ਸਟੇਜ ਕਲਾਕਾਰ, ਤੇ ਹੁਣ ਨਵਜੰਮੇ ਐਮ. ਸੀ. ਭੁਪਿੰਦਰ ਧਾਲੀਵਾਲ ਨੂੰ ਵੀ ਹਾਜ਼ਰ ਲੋਕ ਦਿਲ 'ਚ ਸਮਾ ਚੁੱਕੇ ਹਨ। ਇਸੇ ਲਈ ਹੀ 3000 ਦੀਆਂ ਸੀਟਾਂ ਵਾਲੇ ਹਾਲ ਵਿਚ ਲੋਕ ਅੰਤਰ ਧਿਆਨ ਹੋ ਕੇ ਸਾਰੇ ਪਰੋਗਰਾਮ ਦਾ ਆਨੰਦ ਮਾਣਦੇ ਰਹੇ। ਮਿ: ਜੋਸ਼ ਹੋਰਾਂ ਦੀ ਸੂਚਨਾ ਅਨੁਸਾਰ ਨੇੜ ਭਵਿਖ ਵਿਚ ਜਲਦੀ ਹੀ ਹੋਰ ਰੰਗਾ ਰੰਗ ਪਰੋਗਰਾਮ ਉਹ ਪੇਸ਼ ਕਰਨਗੇ।

# ਪ੍ਰਧਾਨਗੀ ਉਮੀਦਵਾਰ ਗੈਰੀ ਹਾਰਟ ਇਸ਼ਕ ਦੇ ਚੱਕਰ 'ਚ

ਵਾਸ਼ਿੰਗਟਨ — ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਗੈਰੀ ਹੈਰਟ ਦੀ ਕਿਸ਼ਤੀ 29 ਸਾਲਾ ਮਾਡਲ ਡੌਨਾ ਰਾਈਸ ਨੇ ਭੰਵਰ ਵਿਚ ਪਾ ਦਿਤੀ ਹੈ। ਇਹ ਇਸ਼ਕ ਦੀ ਕਹਾਣੀ ਪਿਛਲੇ ਕੁਝ ਦਿਨਾਂ ਤੋਂ ਅਮਰੀਕਾ ਵਿਚ ਚਰਚਾ ਦਾ ਕੇਂਦਰ ਬਣੀ ਹੋਈ ਹੈ। ਗੈਰੀ ਹਾਰਟ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਡੌਨਾ ਨਾਲ ਉਸਦੇ ਸਬੰਧ ਦੋਸਤੀ ਵਾਲੇ ਹਨ ਜਦ ਕਿ ਰੇਡੀਓ, ਟੀ. ਵੀ. ਅਤੇ ਅਖਬਾਰਾਂ ਨੇ ਮਸਾਲੇ ਲਾ ਲਾ ਇਸ ਨੂੰ ਇਸ ਹਫਤੇ ਦੀ ਅਹਿਮ ਕਹਾਣੀ ਬਣਾ ਦਿੱਤਾ ਹੈ।

ਡੌਨਾ ਰਾਈਸ 'ਮਿਆਮੀ ਵਾਈਸ' ਡਲਸ ਅਤੇ ਹੋਰ ਕਈ ਸੀਰੀਅਲਜ਼ ਵਿਚ ਕੰਮ ਕਰ ਚੁੱਕੀ ਹੈ।

# ਗੁਰਦੁਆਰੇ ਅੰਦਰ ਪੁਲਸ ਤੇ ਹਮਲਾ

ਨਵੀਂ ਦਿੱਲੀ:—ਦਹਿਸ਼ਤਪਸੰਦਾਂ ਦੇ ਇਕ ਗਰੁੱਪ ਦੀ ਭਾਲ ਵਿਚ ਦੱਖਣੀ ਦਿੱਲੀ ਦੇ ਇਕ ਗੁਰਦੁਆਰੇ 'ਚ ਗਈ ਪੁਲਸ ਦੀ ਟੁਕੜੀ ਹਮਲੇ 'ਚ ਜ਼ਖਮੀ ਹੋ ਗਈ।

ਇਥੇ ਮਹਿਰੌਲੀ ਥਾਣੇ 'ਚ ਦਰਜ ਕਰਾਈ ਗਈ ਮੁੱਢਲੀ ਰਿਪੋਰਟ ਅਨੁਸਾਰ ਸਥਾਨਕ ਸੀ.ਆਈ.ਡੀ. ਦੀ ਸੂਹ ਤੇ ਪੰਜਾਬ ਪੁਲਸ ਦੀ ਇਕ ਟੋਲੀ ਚੰਡੀਗੜ੍ਹ ਤੋਂ ਆਈ ਸੀ। ਰਿਪੋਰਟ ਵਿਚ ਕਿਹਾ ਗਿਆ ਕਿ ਦੱਖਣੀ ਦਿੱਲੀ ਦੇ ਇਕ ਗੁਰਦੁਆਰੇ ਵਿਚ ਇਕ ਖਤਰਨਾਕ ਦਹਿਸ਼ਤਪਸੰਦ ਤੇ ਉਸਦੇ ਸਾਥੀ ਠਹਿਰੇ ਹੋਏ ਹਨ। ਪੁਲਸ ਪਾਰਟੀ ਚੁੱਪਚਾਪ ਗੁਰਦੁਆਰੇ ਅੰਦਰ ਦਾਖਲ ਹੋ ਗਈ ਪਰ ਇਸ ਉਪਰ ਗੋਲੀ ਚਲਾਈ ਗਈ। ਗੁਰਦੁਆਰੇ ਦੇ ਅੰਦਰ ਮੌਜੂਦ ਆਮ ਲੋਕਾਂ ਨੇ ਵੀ ਪੁਲਸ ਤੇ ਹਮਲਾ ਕੀਤਾ

ਪੁਲਸ ਦੇ ਐਡੀਸ਼ਨਲ ਕਮਿਸ਼ਨਰ ਅਰੁਣ ਭਗਤ ਨੇ ਦੱਸਿਆ ਕਿ ਕੇਸ ਦਰਜ ਕਰ ਲਿਆ ਗਿਆ ਹੈ ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731

Pager 687-1985 #5531

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!





ਗੁਰਜੀਤ ਢੀਂਡਸਾ ਬਾਵਾ

# ਪਾਕਿਸਤਾਨ ਨੂੰ ਪ੍ਰਮਾਣੂ ਬੰਬਾਂ ਦਾ ਮਸਾਲਾ ਦੇਣ ਵਾਲੇ ਦੋ ਜਰਮਨ ਫੜੇ ਗਏ

ਕਲੋਨ(ਪੱਛਮੀ ਜਰਮਨੀ) : ਭਾਰਤ ਵਲੋਂ ਲਾਏ ਗਏ ਦੋਸ਼ ਦੀ ਉਸ ਸਮੇਂ ਤਸਦੀਕ ਹੋ ਗਈ ਜਦ ਪੱਛਮੀ ਜਰਮਨੀ ਦੇ ਦੋ ਵਿਅਕਤੀ ਪਾਕਿਸਤਾਨ ਨੂੰ ਪ੍ਰਮਾਣੂ ਬੰਬ ਬਨਾਉਣ ਦਾ ਤਰੀਕਾ ਦੱਸਣ ਕਾਰਨ ਇਥੇ ਗ੍ਰਿਫਤਾਰ ਕੀਤੇ ਗਏ ।

ਇਹ ਦੋਵੇਂ ਵਿਅਕਤੀ ਆਟੋ ਹੇਲਿੰਗਬਰੱਨਰ ਅਤੇ ਗੌਟਹਾਰਡ ਲੇਬੋਲਡ - ਹੇਰੀ ਉਸ ਫਰੈਂਕਫੋਰਟ ਨੇੜੇ ਇਕ ਕੰਪਨੀ ਦੇ ਉਚ-ਅਧਿਕਾਰੀ ਹਨ ।

ਇਨ੍ਹਾਂ ਦੋਵਾਂ ਵਿਅਕਤੀਆਂ ਨੇ ਸਵਿਟਜ਼ਰਲੈਂਡ ਦੀ ਇਕ ਕੰਪਨੀ ਨੂੰ ਯੂਰੇਨੀਅਮ ਬਾਰੇ ਜਾਣਕਾਰੀ ਦਿਤੀ ਜਿਸਨੇ ਅਗੋਂ ਇਹ ਜਾਣਕਾਰੀ ਪਾਕਿਸਤਾਨ ਨੂੰ ਦੇਣੀ ਸੀ ।

ਪੱਛਮੀ ਜਰਮਨੀ ਦੇ ਇਕ ਬੁਲਾਰੇ ਨੇ ਕਿਹਾ ਕਿ ਆਰਥਿਕ ਤੇ ਖੋਜ ਵਜ਼ਾਰਤ ਦੀ ਮਨਜ਼ੂਰੀ ਤੋਂ ਬਿਨਾਂ ਅਜਿਹੀ ਜਾਣਕਾਰੀ ਦੇਣੀ ਗੈਰਕਾਨੂੰਨੀ ਹੈ ।

ਪਾਕਿਸਤਾਨ ਨੇ ਬੇਸ਼ਕ ਵਾਰ ਵਾਰ ਕਿਹਾ ਹੈ ਕਿ ਉਹ ਪ੍ਰਮਾਣੂ ਬੰਬ ਤਿਆਰ ਨਹੀਂ ਕਰ ਰਿਹਾ ਪਰ ਸ਼ੱਕ ਕੀਤਾ ਜਾਂਦਾ ਹੈ ਕਿ ਪਾਕਿਸਤਾਨ ਨੇ ਪ੍ਰਮਾਣੂ ਬੰਬ ਲਗਪਗ ਤਿਆਰ ਕਰ ਲਿਆ ਹੈ ।

# ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਸੰਤ ਭਿੰਡਰਾਂ ਨੂੰ ਮਾਤ ਪਾ ਗਏ — ਉਮਰਾਨੰਗਲ

ਕਪੂਰਥਲਾ:—ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਪੁਰਾਣੇ ਅਕਾਲੀ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਉਤੇ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਧਰਮ ਦੇ ਨਾਂ ਉਤੇ ਲੋਕਾਂ ਨੂੰ ਭੜਕਾਉਣ ਦੇ ਮਾਮਲੇ ਵਿਚ ਉਹ ਸੰਤ ਭਿੰਡਰਾਂਵਾਲਿਆਂ ਨੂੰ ਮਾਤ ਪਾ ਗਏ ਹਨ । ਸਮਾਂ ਮੰਗ ਕਰਦਾ ਹੈ ਕਿ ਸਿੱਖ ਨੌਜਵਾਨ ਉਨ੍ਹਾਂ ਦੀ ਭੜਕਾਹਟ ਤੋਂ ਬਚਣ । ਉਮਰਾਨੰਗਲ ਨੇ ਦੂਸਰੇ ਸਿੰਘ ਸਾਹਿਬਾਨ ਉਤੇ ਵੀ ਨੁਕਤਾਚੀਨੀ ਕੀਤੀ ਤੇ ਕਿਹਾ ਕਿ ਉਹ ਪੰਜਾਬ ਦੀ ਹਾਲਤ ਨੂੰ ਹੋਰ ਵਿਗਾੜਨ ਦੇ ਜ਼ਿੰਮੇਵਾਰ ਹਨ । ਉਨ੍ਹਾਂ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਸਿੱਖ ਰਵਾਇਤਾਂ ਦੀ ਪਾਲਣਾ ਕਰਨ ਤੇ ਨੌਜਵਾਨਾਂ ਨੂੰ ਬੇਗੁਨਾਹਾਂ ਦੇ ਕਤਲਾਂ ਤੋਂ ਰੋਕਣ। ਉਨ੍ਹਾਂ ਕਿਹਾ ਕਿ ਪਹਿਲੇ ਜ. ਟੌਹੜਾ ਨੇ ਹਾਲਤ ਨੂੰ ਖਰਾਬ ਕੀਤਾ ਹੁਣ ਮੌਜੂਦਾ ਸਿੰਘ ਸਾਹਿਬਾਨ ਕਰ ਰਹੇ ਹਨ ।

# ਨੰਦੀ ਨੂੰ ਕਤਲ ਕਰਨ ਵਾਲੇ ਅਤਿਵਾਦੀ ਅਜੀਤ ਸਿੰਘ ਦਾ ਲੂੰ ਕੰਡੇ ਖੜੇ ਕਰਨ ਵਾਲਾ ਬਿਆਨ

ਅੰਮ੍ਰਿਤਸਰ:—ਪੁਲਸ ਮੁਖੀ ਸ੍ਰੀ ਇਜ਼ਹਾਰ ਆਲਮ ਨੇ ਦੱਸਿਆ ਹੈ ਕਿ ਦਰਬਾਰ ਸਾਹਿਬ ਵਿਚ ਇਕ ਨੌਜਵਾਨ ਨੰਦੀ ਦੇ ਕਤਲ ਦੇ ਦੋਸ਼ ਵਿਚ ਅਜੀਤ ਸਿੰਘ ਨੂੰ ਫੜਿਆ ਗਿਆ ਹੈ । ਅਜੀਤ ਸਿੰਘ ਨੂੰ ਪੱਤਰਕਾਰਾਂ ਸਾਹਮਣੇ ਪੇਸ਼ ਕੀਤਾ ਗਿਆ ਜਿਥੇ ਉਸਨੇ ਛੇ ਕਤਲਾਂ ਦਾ ਇਕਬਾਲ ਕਰ ਲਿਆ । ਉਸ ਇਹ ਵੀ ਦੱਸਿਆ ਕਿ ਨੰਦੀ ਨੂੰ ਕਤਲ ਕਰਕੇ ਉਸਦੀਆਂ ਲੱਤਾਂ ਕੱਟੀਆਂ ਗਈਆਂ ਸਨ ਤਾਂ ਜੋ ਉਸਦੀ ਲਾਸ਼ ਨੂੰ ਗਟਰ ਵਿਚ ਸੁਟਿਆ ਜਾ ਸਕੇ ।

ਅਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਅੰਮ੍ਰਿਤਧਾਰੀ ਸਿੱਖ ਹੈ ਅਤੇ ਉਸਨੇ ਹੀ ਨਰਿੰਦਰ ਸਿੰਘ ਨੰਦੀ ਨੂੰ ਕਤਲ ਕੀਤਾ ਸੀ। ਸ੍ਰੀ ਆਲਮ ਨੇ ਕਿਹਾ ਕਿ ਅਜੀਤ ਸਿੰਘ ਦਾ ਪਿਤਾ ਬਲਿਊ ਸਟਾਰ ਆਪਰੇਸ਼ਨ ਸਮੇਂ ਮਾਰਿਆ ਗਿਆ ਸੀ । ਉਸਦੇ ਬਿਆਨ ਅਨੁਸਾਰ ਨੰਦੀ 25 ਮਾਰਚ ਨੂੰ ਸ਼ਾਮ ਚਾਰ ਵਜੇ ਮਾਲੀ ਸਹਾਇਤਾ ਪ੍ਰਾਪਤ ਕਰਨ ਦੀ ਖਾਤਰ ਦਰਬਾਰ ਸਾਹਿਬ ਵਿਚ ਗਿਆ ਸੀ । ਉਸਨੇ ਨਵੇਂ ਅਕਾਲੀ ਦਲ ਦੇ ਮਨਮੋਹਨ ਸਿੰਘ ਨੂੰ ਸਹਾਇਤਾ ਦੇਣ ਲਈ ਕਿਹਾ ਸੀ ਜਿਸਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦਫਤਰ ਸਕੱਤਰ ਭਜਨ ਸਿੰਘ ਨੂੰ ਇਹ ਸਹਾਇਤਾ ਦੇਣ ਲਈ ਕਿਹਾ । ਇਕ ਮੌਕੇ ਤੇ ਭਜਨ ਸਿੰਘ ਨੇ ਨੰਦੀ ਨੂੰ ਕਿਹਾ ਕਿ ਉਸਨੇ ਲੋਕਾਂ ਤੋਂ ਜਿਹੜਾ ਰੁਪਿਆ ਇਕੱਠਾ ਕੀਤਾ ਹੈ ਉਹ ਹਵਾਲਾ ਕਰੇ, ਪਰ ਨੰਦੀ ਨੇ ਦੋਸ਼ ਲਾਇਆ ਕਿ ਭਜਨ ਸਿੰਘ ਨੇ ਵੀ ਲੋਕਾਂ ਤੋਂ ਰੁਪਿਆ ਇਕੱਠਾ ਕੀਤਾ ਹੈ ਉਹ ਵੀ ਜਮ੍ਹਾਂ ਕਰਾਏ। ਇਸ ਤਰ੍ਹਾਂ ਦੋਹਾਂ ਵਿਚਕਾਰ ਝਗੜਾ ਹੋ ਗਿਆ । ਇਸੇ ਝਗੜੇ ਵਿਚ ਫੈਡਰੇਸ਼ਨ ਦੇ ਪੰਜ ਛੇ ਵਰਕਰਾਂ ਨੇ ਨੰਦੀ ਨੂੰ ਫੜ ਲਿਆ ਅਤੇ ਹੇਠਾਂ ਤਹਿਖਾਨੇ ਵਿਚ ਲੈ ਗਏ। ਅਜੀਤ ਸਿੰਘ ਨੇ ਕਿਹਾ ਕਿ ਜਦੋਂ ਉਹ ਤਹਿਖਾਨੇ ਵਿਚ ਗਿਆ ਤਾਂ ਨੰਦੀ ਦਾ ਰੱਸੀ ਨਾਲ ਗਲਾ ਘੁੱਟ ਦਿੱਤਾ ਗਿਆ ਸੀ । ਉਸਨੂੰ ਕੁਲਹਾੜੀ ਨਾਲ ਨੰਦੀ ਦੀਆਂ ਦੋਵੇਂ ਲੱਤਾਂ ਧੜ ਨਾਲੋਂ ਵੱਖ ਕਰ ਦੇਣ ਲਈ ਕਿਹਾ ਗਿਆ ਤਾਂ ਜੋ ਲਾਸ਼ ਛੋਟੀ ਕਰਕੇ ਗਟਰ ਵਿਚ ਸੁੱਟੀ ਜਾ ਸਕੇ । ਉਸਨੇ ਕੁਲਹਾੜੀ ਨਾਲ ਨੰਦੀ ਦੀ ਇਕ ਲੱਤ ਕੱਟੀ ਅਤੇ ਦੂਜੀ ਲੱਤ ਨਾ ਕੱਟ ਸਕਿਆ ਕਿਉਂਕਿ ਦਰਬਾਰ ਸਾਹਿਬ ਵਿਚ ਮਾਰੇ ਗਏ ਆਪਣੇ ਪਿਤਾ ਦੀ ਲਾਸ਼ ਉਸਦੀਆਂ ਅੱਖਾਂ ਅੱਗੇ ਆ ਗਈ ।

# ਦਹਿਸ਼ਤਗਰਦਾਂ ਦੇ ਮੁਗਲਸ਼ਾਹੀ ਜਬਰ ਨੂੰ ਸਿੱਖ ਕਦੇ ਚਲਣ ਨਹੀਂ ਦੇਣਗੇ — ਬਰਨਾਲਾ

ਚੰਡੀਗੜ੍ਹ:—ਮੁੱਖ ਮੰਤਰੀ ਸ੍ਰੀ ਬਰਨਾਲਾ ਨੇ ਠੇਕਿਆਂ ਤੇ ਸਿਗਰਟਾਂ ਦੀਆਂ ਦੁਕਾਨਾਂ ਬੰਦ ਕਰਨ ਲਈ ਦਹਿਸ਼ਤਪਸੰਦਾਂ ਵਲੋਂ ਚਲਾਈ ਜਬਰ ਦੀ ਮੁਹਿਮ ਨੂੰ ਮੁਗਲਾਂ ਦੇ ਜ਼ੁਲਮ ਨਾਲ ਤੁਲਨਾ ਦਿੱਤੀ ਹੈ। ਉਨ੍ਹਾਂ ਕਿਹਾ-ਮੁਗਲ ਰਾਜ ਦੇ ਜਾਬਰ ਹਾਕਮ ਵੀ ਇਸੇ ਤਰ੍ਹਾਂ ਜਬਰ ਰਾਹੀਂ ਸੁਧਾਰ ਕਰਦੇ ਸਨ । ਪਰ ਪੰਜਾਬ ਸਰਕਾਰ ਰਾਜਸੀ ਮੰਤਵਾਂ ਲਈ ਧਰਮ ਦੀ ਦੁਰਵਰਤੋਂ ਨਹੀਂ ਹੋਣ ਦੇਵੇਗੀ । ਪੰਜਾਬੀਆਂ ਦੇ ਨਾਂ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸੁਧਾਰ ਲਹਿਰ ਦੇ ਇਰਾਦੇ ਬੇਹੱਦ ਖਤਰਨਾਕ ਹਨ । ਮੁੱਖ ਮੰਤਰੀ ਨੇ ਨਸ਼ਾਬੰਦੀ ਲਈ ਹਿਸਕ ਮੁਹਿਮ ਦੀ ਕਰੜੀ ਆਲੋਚਨਾ ਕਰਦੇ ਹੋਏ ਕਿਹਾ ਕਿ ਜਿਹੜੇ ਲੋਕ ਸ਼ਰਾਬ ਪੀਣ ਤੋਂ ਰੋਕਣ ਦੀਆਂ ਗੱਲਾਂ ਕਰਦੇ ਹਨ ਪ੍ਰੰਤੂ ਇਹੋ ਲੋਕ ਨਿਹੱਥੇ ਲੋਕਾਂ ਦੇ ਖੂਨ ਨਾਲ ਪਿਆਸ ਬੁਝਾਉਣ ਨੂੰ ਦਲੇਰੀ ਦਸਦੇ ਹਨ । ਉਨ੍ਹਾਂ ਕਿਹਾ ਕਿ ਉਹ ਭੋਲੇ ਭਾਲੇ ਪੰਜਾਬੀਆਂ ਦਾ ਕਤਲ ਕਰਨ ਵੇਲੇ ਰਾਜ ਦੇ ਸ਼ੁਭਚਿੰਤਕ ਕਿਥੋਂ ਹੋ ਸਕਦੇ ਹਨ ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਨੇ ਵੀ ਗੁਰੂਆਂ ਦੀ ਅਗਵਾਈ ਹੇਠ ਜ਼ਬਰਦਸਤੀ ਧਰਮ ਪਰਿਵਰਤਨ ਕਰਨ ਵਿਰੁਧ ਲੜਾਈ ਲੜੀ। ਜਿਹੜੇ ਲੋਕ ਦੂਜਿਆਂ ਉਤੇ ਜ਼ਬਰਦਸਤੀ ਆਪਣ ਸਿਧਾਂਤ ਠੋਸ ਰਹੇ ਹਨ, ਉਹ ਸਿੱਖਾਂ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਦੀ ਉਲੰਘਣਾ ਕਰ ਰਹੇ ਹਨ ।

ਸ੍ਰ.ਸੁਰਜੀਤ ਸਿੰਘ ਬਰਨਾਲਾ ਨੇ ਇਨ੍ਹਾਂ ਤੱਤਾਂ ਦੀ ਤੁਲਨਾ ਨਵੇਂ ਮੁਗਲਾਂ ਨਾਲ ਕੀਤੀ ਉਨ੍ਹਾਂ ਕਿਹਾ ਕਿ ਇਨ੍ਹਾਂ ਤੱਤਾਂ ਦਾ ਵੀ ਉਹੀ ਕੰਮ ਹੈ ਜੋ ਕਿ ਗੁਰੂ ਜੀ ਦੇ ਸ਼ਾਹਿਬਜ਼ਾਦਿਆਂ ਦੇ ਕਾਤਲਾਂ ਦਾ ਸੀ। ਮੁੱਖ ਮੰਤਰੀ ਨੇ ਹਰ ਸਿੱਖ ਨੂੰ ਆਪਣੇ ਧਰਮ ਦੀ ਰੱਖਿਆ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਉਤੇ ਹੈਰਾਨੀ ਹੋਵੇਗੀ ਕਿ ਜੇਕਰ ਗੁਰੂ ਆਕੇ ਇਹ ਵੇਖਣ ਕਿ ਕਿਵੇਂ ਧਰਮ ਦੇ ਨਾਂ ਤੇ ਲੁੱਟਾਂ ਖੋਹਾਂ ਅਤੇ ਭੋਲੇ ਭਾਲੇ ਲੋਕਾਂ ਦੇ ਕਤਲ ਹੋ ਰਹੇ ਹਨ । ਅਜਿਹੇ ਤੱਤਾਂ ਵਿਰੁੱਧ ਉਨ੍ਹਾਂ ਵਲੋਂ ਕਿਹੜਾ ਫਤਵਾ ਜਾਰੀ ਕੀਤਾ ਜਾਵੇ। ਰਾਜ ਦੇ ਕੁਝ ਲੋਕ ਖੁੱਲ੍ਹੇ ਆਮ ਕਹਿ ਰਹੇ ਹਨ ਕਿ ਬੱਚਿਆਂ ਅਤੇ ਔਰਤਾਂ ਤੇ ਬਜ਼ੁਰਗਾਂ ਦੇ ਕਤਲ ਓਨੀ ਦੇਰ ਤੱਕ ਹੁੰਦੇ ਰਹਿਣਗੇ, ਜਿੰਨੀ ਦੇਰ ਸਿਆਸੀ ਪੱਧਰ ਉਤੇ ਗੱਲਬਾਤ ਨਹੀਂ ਕੀਤੀ ਜਾਂਦੀ। ਇਸ ਲਈ ਇਹ ਕਤਲ ਸਿਆਸੀ ਚੌਧਰ ਹਾਸਲ ਕਰਨ ਲਈ ਹੀ ਕੀਤੇ ਜਾ ਰਹੇ ਹਨ ।

# ਫਰੇਜ਼ਰ ਸੀਡਰ ਦੇ ਮਿੱਲ ਮਾਲਕ ਦਾ ਗੁਮਾਨ ਚੂਰ ਚੂਰ ਹੋ ਗਿਆ

ਮਜ਼ਦੂਰਾਂ ਦੀ ਲੁੱਟ ਕਰਨ ਵਾਲਾ ਮਾਲਕ ਆਪਣੀਆਂ ਮਾਰੂ ਨੀਤੀਆਂ ਦੀ ਉਮਰ ਲੰਮੀ ਕਰਨ ਲਈ ਹਮੇਸ਼ਾਂ ਹੀ ਮਜ਼ਦੂਰਾਂ ਦੇ ਅੱਖੀਂ ਘੱਟਾ ਪਾਉਂਦਾ ਰਹਿੰਦਾ ਹੈ । ਇਸੇ ਨੀਤੀ ਨੂੰ ਅਪਨਾਉਂਦਾ ਹੋਇਆ ਫਰੇਜ਼ਰ ਸੀਡਰ ਮਿੱਲ ਦਾ ਮਾਲਕ ਬਲਜਿੰਦਰ ਗਿੱਲ ਪਿਛਲੇ ਕਈ ਸਾਲਾਂ ਤੋਂ ਮਿੱਲ ਮਜ਼ਦੂਰਾਂ ਨੂੰ ਖਰਾਬ ਕਰਦਾ ਰਿਹਾ ਹੈ । ਜਿਵੇਂ ਕਿ ਅਪਰੈਲ 1986 ਵਿਚ 40 ਯੂਨੀਅਨ ਪੱਖੀ ਅਤੇ ਨਵੰਬਰ 1986 ਵਿਚ 50 ਹੋਰ ਮਿੱਲ ਕਾਮਿਆਂ ਨੂੰ ਬਿਨਾਂ ਕਾਰਨ ਧੱਕੇ ਨਾਲ ਹਟਾ ਕੇ ਅਤੇ ਹੋਰ ਨਵੇਂ ਕਾਮੇ ਲਾ ਕੇ ਅਤੇ ਕੋ-ਆਪ ਵਰਗੀਆਂ ਕਾਲੀਆਂ ਨੀਤੀਆਂ ਅਪਨਾ ਕੇ ਕਾਮਿਆਂ ਨੂੰ ਗੁਮਰਾਹ ਕਰਦਾ ਤੇ ਕਾਮਿਆਂ ਦੇ ਲਹੂ ਪਸੀਨੇ ਤੇ ਪਲਣ ਵਾਲੀਆਂ ਅਜਿਹੀਆਂ ਜੋਕਾਂ ਵਕੀਲਾਂ ਨੂੰ ਲੱਖਾਂ ਡਾਲਰ ਤਾਂ ਦੇ ਸਕਦੀਆਂ ਹਨ ਪਰ ਕਾਮਿਆਂ ਦੀ ਤਨਖਾਹ ਵਿਚ ਵਾਧਾ ਕਰਨਾ ਆਪਣੀ ਸ਼ਾਨ ਦੇ ਉਲਟ ਸਮਝਦੀਆਂ ਹਨ । ਪਰ ਅਜਿਹੀਆਂ ਜੋਕਾਂ ਨੂੰ ਆਪਣੇ ਪਿੰਡਿਆਂ ਤੋਂ ਲਾਹੁਣ ਲਈ ਕਾਮੇ ਆਪਣੀ ਤਾਕਤ ਅਨੁਸਾਰ ਲਗਾਤਾਰ ਸੰਘਰਸ਼ ਕਰਦੇ ਰਹੇ ਹਨ । ਹੁਣ ਸਾਨੂੰ ਆਪਣੀ ਤਾਕਤ ਦਾ ਅਹਿਸਾਸ ਹੋ ਗਿਆ ਹੈ ਅਤੇ ਇਸੇ ਹੀ ਤਾਕਤ ਨਾਲ ਅਸੀਂ ਆਪਣੇ ਸੰਘਰਸ਼ ਦਾ ਝੰਡਾ ਬੁਲੰਦੀ ਤੇ ਗੱਡਿਆ ਹੈ। ਇਹ ਪਹਿਲੀ ਭਾਰਤੀ ਮੂਲ ਦੇ ਮਾਲਕ ਦੀ ਸਿੰਗਲ ਮਿੱਲ ਹੈ ਜਿਸ ਵਿਚ ਅਸੀਂ ਕਾਮੇ ਭਰਾਵਾਂ ਨੇ ਇਸ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਤੇ ਪਾਣੀ ਫੇਰ ਕੇ ਆਪਣੇ ਏਕੇ ਦਾ ਸਬੂਤ ਦਿੱਤਾ ਹੈ ਅਤੇ ਯੂਨੀਅਨ ਬਣਾਉਣ ਵਿਚ ਕਾਮਯਾਬ ਹੋਏ ਹਾਂ । ਅਸੀਂ ਆਪਣੀ ਏਕਤਾ ਦੀ ਖੁਸ਼ੀ ਮਨਾਉਂਦੇ ਹੋਏ ਇਹ ਫੈਸਲਾ ਕਰਦੇ ਹਾਂ ਕਿ ਆਉਂਦੇ ਸਮਿਆਂ ਵਿਚ ਵੀ ਹਰ ਮੁਸ਼ਕਲ ਦਾ ਸਾਹਮਣਾ ਇਕਮੁੱਠ ਹੋ ਕੇ ਕਰਾਂਗੇ ਅਤੇ ਆਸ ਕਰਦੇ ਹਾਂ ਕਿ ਬਾਕੀ ਕਾਮੇ ਭਰਾ ਵੀ ਸਾਡੇ ਮੋਢੇ ਨਾਲ ਮੋਢਾ ਮਿਲਾ ਕੇ ਚਲਣਗੇ ।

ਵਲੋਂ — ਫਰੇਜ਼ਰ ਸੀਡਰ ਵਿਚ ਕੰਮ ਕਰਨ ਵਾਲੇ ਮਜ਼ਦੂਰ

# ਇੰਡੋ-ਕਨੇਡੀਅਨ ਬੱਚਿਆਂ ਉਤੇ ਫਿਲਮ

## ਜੇਤੈਨ ਵਰਮਾ ਡਾਇਰੈਕਟਰ ਹੋਵੇਗਾ

ਵੈਨਕੂਵਰ — ਇੰਡੋ-ਕਨੇਡੀਅਨ ਬੱਚੇ ਇਕੋ ਸਮੇਂ ਦੋ ਦੁਨੀਆਂ ਜਿਉਂਦੇ ਹਨ — ਜਿਹੜੀਆਂ ਸ੍ਵੈ-ਵਿਰੋਧੀ ਹਨ । ਦੋ ਪੁੜਾਂ ਵਿਚਕਾਰ ਪਿਸਦੇ ਇੰਡੋ-ਕਨੇਡੀਅਨ ਬੱਚਿਆਂ ਬਾਰੇ ਇਕ ਫਿਲਮ ਬਣਾਈ ਜਾ ਰਹੀ ਹੈ ਜੋ ਇਥੇ ਨਵੰਬਰ ਵਿਚ ਫਿਲਮਾਈ ਜਾਵੇਗੀ ।

ਇਸ ਫਿਲਮ ਨੂੰ ਜੇਤੈਨ ਵਰਮਾ ਹਰਵੀ ਕਰਾਸਲੈਂਡ ਨਾਲ ਰਲਕੇ ਡਾਇਰੈਕਟ ਕਰਨਗੇ । ਜੇਤੈਨ ਵਰਮਾ ਦਾ ਕਹਿਣਾ ਹੈ ਕਿ ਪਹਿਲੀ ਪੀੜ੍ਹੀ ਦੇ ਇਮੀਗਰੈਂਟ ਬੱਚਿਆਂ ਲਈ 'ਬਾਹਰਲੀ ਦੁਨੀਆਂ' ਵਿਚ ਜਾਣਾ ਮੁਸ਼ਕਲ ਹੈ ਜਦਕਿ ਜੋ ਬੱਚੇ ਸਕੂਲਾਂ ਤੋਂ ਪਿਛੋਂ ਮੁੱਖਧਾਰਾ ਵਿਚ ਸ਼ਾਮਲ ਹੋ ਜਾਂਦੇ ਹਨ ਉਨ੍ਹਾਂ ਲਈ 'ਅੰਦਰਲੀ ਦੁਨੀਆਂ' ਬੇਗਾਨੀ ਹੋ ਜਾਂਦੀ ਹੈ ।

ਫਿਲਮ ਦੀ ਕਹਾਣੀ ਅਸਲੀ ਘਟਨਾਵਾਂ ਉਤੇ ਆਧਾਰਿਤ ਹੋਵੇਗੀ ਫਿਲਮ 88 ਦੇ ਸੀ. ਬੀ. ਸੀ. ਪ੍ਰੋਗਰਾਮਾਂ ਵਿਚ ਦਿਖਾਈ ਜਾਵੇਗੀ । ਦੱਸਿਆ ਗਿਆ ਹੈ ਕਿ ਫਿਲਮ ਭਾਰਤ ਵਿਚ ਵੀ ਦਿਖਾਈ ਜਾਵੇਗੀ ।

# ਧਰਤੀ ਤੇ ਅਸਮਾਨ ਵਿਚਕਾਰ ਬਾਗ ਲੱਗੇਗਾ

ਨਵੀਂ ਦਿੱਲੀ — 84 ਸਾਲਾ ਇਕ ਅਮਰੀਕੀ ਵਿਗਿਆਨੀ ਨੇ ਇਕ ਅਜਿਹੇ ਬਾਗ ਦਾ ਡੀਜ਼ਾਈਨ ਤਿਆਰ ਕੀਤਾ ਹੈ ਜਿਥੇ ਸੂਰਜ ਦੀ ਧੁੱਪ 24 ਘੰਟੇ ਰਹੇਗੀ । ਅਮਰੀਕੀ ਮੈਗਜ਼ੀਨ "ਓਮਨੀ" ਵਿਚ ਦੱਸਿਆ ਗਿਆ ਹੈ ਕਿ ਇਹ ਬਾਗ ਇਕ ਅਜਿਹੇ "ਪਲੇਟਫਾਰਮ" ਉਤੇ ਲਾਇਆ ਜਾਏਗਾ ਜੋ ਪੱਛਮ ਤੋਂ ਪੂਰਬ ਵੱਲ 1800 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਅਰਥਾਤ ਧਰਤੀ ਦੀ ਰਫਤਾਰ ਅਨੁਸਾਰ ਉਡੇਗਾ ।

ਇਸ ਬਾਗ ਦਾ ਘੇਰਾ ਇਕ ਏਕੜ ਹੋਏਗਾ ਅਤੇ ਇਸ ਦੇ ਡੀਜ਼ਾਈਨ ਕਰਤਾ ਲਾਰੈਂਸ ਸਟੈਨਹੋਪ ਅਨੁਸਾਰ ਇਸ ਉਤੇ ਦਸ ਲੱਖ ਡਾਲਰ ਖਰਚ ਆਉਣਗੇ । ਇਹ ਬਾਗ ਧਰਤੀ ਤੋਂ 8 ਕਿਲੋਮੀਟਰ ਦੀ ਉਚਾਈ ਉਤੇ ਉਡੇਗਾ ।

ਭਾਵੇਂ ਇਸ ਬਾਗ ਦੀ ਸਿਰਜਣਾ ਅਜੇ ਥਿਊਰੀ ਵਿਚ ਹੀ ਸੰਭਵ ਹੈ ਅਤੇ ਇਸ ਗੱਲ ਦਾ ਪਤਾ ਨਹੀਂ ਲਗ ਸਕਿਆ ਕਿ ਇਸ ਬਾਗ ਨੂੰ ਉਡਾਉਣ ਵਿਚ ਕਿਹੜੀ ਸ਼ਕਤੀ ਦਾ ਪ੍ਰਯੋਗ ਕੀਤਾ ਜਾਵੇਗਾ ।

ਜਦੋਂ ਇਸ ਬਾਰੇ ਲਾਰੈਂਸ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ "ਮੈਂ ਕੋਈ ਟੈਕਨਾਲੋਜਿਸਟ ਨਹੀਂ ਹਾਂ । ਮੈਂ ਇਹ ਗੱਲ 'ਨਾਸਾ' (ਅਮਰੀਕੀ ਪੁਲਾੜ ਸੰਸਥਾ) ਉਤੇ ਛੱਡਦਾ ਹਾਂ ਅਤੇ ਜਾਂ ਫਿਰ ਜੈਟ ਪ੍ਰੋਪਲਸ਼ਨ ਲੈਬਾਰਟਰੀ ਵਾਲੇ ਇਸ ਦਾ ਹੱਲ ਲੱਭਣਗੇ ਕਿਉਂਕਿ ਉਹ ਇਸ ਖੇਤਰ ਦੇ ਮਾਹਿਰ ਹਨ ।

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
**BOMBAY SWEETS MANUFACTURER INC.**
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
**NARESH SHUKLA & BROS.**
$\$2.^{50}$ / ਪੌਂਡ ਵਾਲੀਆਂ ਜਲੇਬੀਆਂ $\$1.^{49}$
$\$2.^{50}$ / ਪੌਂਡ ਵਾਲੇ ਲੱਡੂ $\$1.^{75}$

# ਅਤਿਵਾਦ ਨੂੰ ਦਬਾਉਣ ਲਈ ਕੇਂਦਰ ਨੇ ਬੜੇ ਯਤਨ ਕੀਤੇ

## ਬੂਟਾ ਸਿੰਘ ਵਲੋਂ ਅਖੌਤੀ ਵਾਰਸ਼ਿਕ ਰੀਪੋਰਟ ਪੇਸ਼

ਨਵੀਂ ਦਿੱਲੀ — ਕੇਂਦਰੀ ਗ੍ਰਹਿ ਮੰਤਰਾਲੇ ਨੇ ਸਾਲ 1986-87 ਦੌਰਾਨ ਅਤਿਵਾਦੀਆਂ ਅਤੇ ਵੱਖਵਾਦੀਆਂ ਦੀਆਂ ਸਰਗਰਮੀਆਂ ਨੂੰ ਦਬਾਉਣ ਲਈ ਕਈ ਸਫਲ ਕਦਮ ਉਠਾਏ। ਇਹ ਦਾਅਵਾ ਮੰਤਰਾਲੇ ਵਲੋਂ ਲੋਕ ਸਭਾ ਵਿਚ ਰੱਖੀ ਗਈ ਵਾਰਸ਼ਿਕ ਰੀਪੋਰਟ ਵਿਚ ਕੀਤਾ ਗਿਆ ਹੈ। ਅਜਿਹੇ ਕਦਮ ਪੰਜਾਬ, ਆਸਾਮ ਤੇ ਮਿਜ਼ੋਰਮ ਸਮਝੌਤਿਆਂ ਨੂੰ ਲਾਗੂ ਕਰਨ, ਉਤਰੀ-ਪੂਰਬੀ ਖੇਤਰ ਅਤੇ ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਦਬਾਉਣ, ਫਿਰਕੂ ਸਦਭਾਵਨਾ ਅਤੇ ਕੌਮੀ ਏਕਤਾ ਬਣਾਈ ਰੱਖਣ ਅਤੇ ਰਾਜਾਂ ਅੰਦਰ ਅਮਨ ਕਾਨੂੰਨ ਦੀ ਸਥਿਤੀ ਬਣਾਉਣ ਲਈ ਲੋੜੀਂਦੀ ਮੱਦਦ ਦੇਣ ਵਾਲੇ ਪਾਸੇ ਉਠਾਏ ਗਏ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਅੰਦਰਲੀਆਂ ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਨੂੰ ਲਗਾਤਾਰ ਸਰਕਾਰ ਦਾ ਧਿਆਨ ਖਿਚਿਆ ਹੈ। ਕੇਂਦਰ ਸਰਕਾਰ ਨੇ ਲਗਾਤਾਰ ਰਾਜ ਸਰਕਾਰ ਨਾਲ ਸੰਪਰਕ ਰੱਖਿਆ ਹੈ ਤੇ ਜਦੋਂ ਵੀ ਪੰਜਾਬ ਨੂੰ ਕੇਂਦਰ ਵਲੋਂ ਅਮਨ ਦੀ ਸਥਿਤੀ ਬਣਾਈ ਰੱਖਣ ਲਈ ਮੱਦਦ ਦੀ ਲੋੜ ਪਈ ਕੇਂਦਰ ਨੇ ਮੱਦਦ ਕੀਤੀ ਹੈ।

ਇਸ ਸਾਲ ਦੌਰਾਨ ਕਈ ਦਹਿਸ਼ਤਪਸੰਦ ਗ੍ਰਿਫਤਾਰ ਕੀਤੇ ਗਏ ਤੇ ਦਹਿਸ਼ਤਪਸੰਦਾਂ ਦੇ ਕਈ ਗਰੋਹਾਂ ਦਾ ਪਤਾ ਵੀ ਲਾਇਆ ਗਿਆ। ਪੁਲੀਸ ਮੁਕਾਬਲਿਆਂ ਵਿਚ ਕਈ ਦਹਿਸ਼ਤਪਸੰਦ ਮਾਰੇ ਗਏ। ਉਨ੍ਹਾਂ ਪਾਸੋਂ ਕਾਫੀ ਮਾਤਰਾ ਵਿਚ ਹਥਿਆਰ ਤੇ ਅਸਲਾ ਬਰਾਮਦ ਹੋਇਆ। ਸਰਹੱਦ ਲੰਘ ਕੇ ਆਉਣ ਵਾਲੇ ਦਹਿਸ਼ਤਪਸੰਦਾਂ ਉਪਰ ਨਜ਼ਰ ਰੱਖਣ ਲਈ ਕਰੜੇ ਸੁਰੱਖਿਆ ਪ੍ਰਬੰਧ ਵੀ ਕੀਤੇ ਗਏ। ਵੱਖਵਾਦੀਆਂ ਅਤੇ ਮੂਲਵਾਦੀਆਂ ਵਲੋਂ ਪੈਦਾ ਕੀਤੇ ਜਾ ਰਹੇ ਖਤਰੇ ਦਾ ਸਾਹਮਣਾ ਕਰਨ ਲਈ ਇਕ ਐਕਸ਼ਨ ਪਲਾਨ ਵਿਰੋਧੀ ਪਾਰਟੀਆਂ ਦੇ ਨਾਲ ਮਿਲ ਕੇ ਤਿਆਰ ਕੀਤੀ ਗਈ ਜਿਸ ਦੇ ਤਹਿਤ ਪੰਜਾਬ ਦੇ ਕੁਝ ਖਾਸ ਖਾਸ ਥਾਵਾਂ ਉਤੇ ਪਬਲਿਕ ਜਲਸੇ ਵੀ ਕੀਤੇ ਗਏ ਜਿਨ੍ਹਾਂ ਨੂੰ ਰਾਸ਼ਟਰੀ ਤੇ ਸੂਬਾਈ ਨੇਤਾਵਾਂ ਨੇ ਸੰਬੋਧਨ ਕੀਤਾ।

ਦੱਸਿਆ ਗਿਆ ਹੈ ਕਿ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਵਿਚ ਕੇਂਦਰ ਨੇ ਸੁਹਿਰਦਤਾ ਦਿਖਾਈ ਹੈ। ਸਮਝੌਤੇ ਦੀਆਂ 11 ਮੱਦਾਂ ਵਿਚੋਂ 8 ਲਾਗੂ ਕਰ ਦਿੱਤੀਆਂ ਗਈਆਂ ਹਨ। ਆਲ ਇੰਡੀਆ ਗੁਰਦੁਆਰਾ ਐਕਟ ਬਣਾਏ ਜਾਣ ਸਬੰਧੀ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਲਿਖਿਆ ਗਿਆ ਹੈ ਕਿ ਇਸ ਸਬੰਧੀ ਉਹ ਆਪਣੇ ਵਿਚਾਰ ਭੇਜਣ। ਚੰਡੀਗੜ੍ਹ ਪੰਜਾਬ ਨੂੰ ਸੌਂਪੇ ਜਾਣ ਦੇ ਨਾਲ ਨਾਲ ਹਰਿਆਣੇ ਨੂੰ ਹਿੰਦੀ ਬੋਲਦੇ ਇਲਾਕੇ ਸੌਂਪਣ ਵਾਸਤੇ ਪਹਿਲਾਂ ਮੈਥਿਊ ਕਮਿਸ਼ਨ ਤੇ ਫੇਰ ਵੈਂਕਟਰਮਈਆ ਕਮਿਸ਼ਨ ਕਾਇਮ ਕੀਤੇ ਗਏ। ਦੂਜੇ ਕਮਿਸ਼ਨ ਨੇ ਚੰਡੀਗੜ੍ਹ ਦੇ ਬਦਲੇ ਹਰਿਆਣੇ ਨੂੰ 70 ਹਜ਼ਾਰ ਏਕੜ ਜ਼ਮੀਨ ਦੇਣ ਦੀ ਸਿਫਾਰਸ਼ ਕੀਤੀ। ਕਮਿਸ਼ਨ ਨੇ ਇਹ ਵੀ ਸਿਫਾਰਸ਼ ਕੀਤੀ ਕਿ ਇਲਾਕਿਆਂ ਦੀ ਸ਼ਨਾਖਤ ਬਾਰੇ ਦੋਵੇਂ ਰਾਜ ਆਪਸ ਵਿਚ ਫੈਸਲਾ ਕਰ ਲੈਣ ਜਾਂ ਫਿਰ ਹੋਰ ਕਮਿਸ਼ਨ ਕਾਇਮ ਕਰ ਦਿੱਤਾ ਜਾਵੇ।

ਦਰਿਆਈ ਪਾਣੀਆਂ ਦਾ ਰੇੜਕਾ ਮੁਕਾਉਣ ਲਈ ਇਰਾਦੀ ਟ੍ਰਿਬਿਊਨਲ ਕਾਇਮ ਕੀਤਾ ਗਿਆ ਜਿਸ ਨੇ 30 ਜਨਵਰੀ 1987 ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ। ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਸਬੰਧੀ ਵੀ ਕੇਂਦਰ ਨੇ ਕਈ ਕਦਮ ਚੁੱਕੇ ਹਨ। ਇਸ ਨਹਿਰ ਦਾ ਪੰਜਾਬ ਅੰਦਰਲਾ 121 ਕਿਲੋਮੀਟਰ ਵਾਲਾ ਹਿਸਾ 15 ਅਗਸਤ 1986 ਤਕ ਪੂਰਾ ਕੀਤਾ ਜਾਣਾ ਸੀ। ਸਾਲ 1986 ਦੌਰਾਨ ਨੈਸ਼ਨਲ ਇੰਟੈਗਰੇਸ਼ਨ ਕੌਂਸਲ ਦਾ ਪੁਨਰਗਠਨ ਕੀਤਾ ਗਿਆ ਤੇ ਇਸ ਦੀਆਂ ਦੋ ਮੀਟਿੰਗਾਂ ਵੀ ਕੀਤੀਆਂ ਗਈਆਂ।



● ਇਕ ਹਵਾਈ ਕੰਪਨੀ ਨੇ ਨਵੀਂ ਹਵਾਈ ਸੇਵਾ ਸ਼ੁਰੂ ਕੀਤੀ। ਉਡਾਣ ਨੂੰ ਹਰਮਨ ਪਿਆਰੀ ਕਰਨ ਲਈ ਕੰਪਨੀ ਨੇ ਘੋਸ਼ਨਾ ਕੀਤੀ ਕਿ ਇਕ ਹਫਤੇ ਤੱਕ ਜਿਹਨਾਂ ਲੋਕਾਂ ਦੀਆਂ ਪਤਨੀਆਂ ਨਾਲ ਹੋਣਗੀਆਂ ਉਹਨਾਂ ਪਤਨੀਆਂ ਦਾ ਕਿਰਾਇਆ ਨਹੀਂ ਲਿਆ ਜਾਏਗਾ। ਬਹੁਤ ਸਾਰੇ ਲੋਕਾਂ ਨੇ ਇਸ ਦਾ ਫਾਇਦਾ ਉਠਾਇਆ। ਬਾਅਦ ਵਿਚ ਹਵਾਈ ਕੰਪਨੀ ਨੇ ਉਹਨਾਂ ਪਤਨੀਆਂ ਦੇ ਨਾਂ ਖੱਤ ਭੇਜ ਕੇ ਪੁਛਿਆ ਕਿ ਉਹਨਾਂ ਨੂੰ ਯਾਤਰਾ ਸਮੇਂ ਕੋਈ ਤਕਲੀਫ ਤਾਂ ਨਹੀਂ ਹੋਈ। 99 ਪ੍ਰਤੀਸ਼ਤ ਪਤਨੀਆਂ ਦਾ ਹੈਰਾਨੀ ਭਰਿਆ ਜਵਾਬ ਆਇਆ - ਕਦੋਂ ਕੀਤੀ ਅਤੇ ਕਿਹੜੀ ਹਵਾਈ ਯਾਤਰਾ?

ਅਨਿਲ: ਮਾਸਟਰ ਜੀ ਤੁਸੀਂ ਮੇਰੀ ਕਾਪੀ 'ਚ ਇਹ ਕੀ ਲਿਖਿਆ ਹੈ?'
ਮਾਸਟਰ ਜੀ: 'ਕੀ ਏਨਾ ਵੀ ਨਹੀਂ ਪੜ੍ਹਿਆ ਜਾਂਦਾ। ਲਿਖਿਆ ਹੈ ਸਾਫ ਸਾਫ ਲਿਖਿਆ ਕਰੋ'

(contd. from page 15)

also very supportive and shared her wealth of experience with the women in attendance.

For more information please contact Parvin Partovi at 731-9108

ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ 'ਕੈਨੇਡਾ ਦਰਪਣ

A.M.C. Carpet Ltd.

Unit 8 - 12950 - 80th Ave. Surrey, B.C.

Carpet-Vinyl-Hardwood All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ:
Phone for appointment



AMARJIT SINGH CHAHAL

Off. 594-6141
Res. 594-7595 Pager 680-0214



ਇਕ ਅਜਨਬੀ ਮੁਸਾਫਿਰ ਨੇ ਸਿਪਾਹੀ ਤੋਂ ਪੁਛਿਆ ਕਿ ਇਥੇ ਥਾਂ-ਥਾਂ 'ਮੋਟਰ ਹੌਲੀ ਚਲਾਓ' ਦੇ ਬੋਰਡ ਕਿਉਂ ਲੱਗੇ ਹੋਏ ਹਨ?
"ਇਸ ਲਈ ਕਿ ਇਥੇ ਆਸ ਪਾਸ ਦੂਰ ਦੂਰ ਤੱਕ ਹਸਪਤਾਲ ਨਹੀਂ ਹੈ।" ਸਿਪਾਹੀ ਨੇ ਉਤਰ ਦਿੱਤਾ।

Clearbrook Photographic Arts Inc.

By: Andrew W.R. Simpson ਕਲੀਅਰਬਰੁੱਕ ਫੋਟੋ ਗਰਾਫਰਜ਼

For
*A Lifetime of Memories*



Ph. 859-4222 or 859-1046

ਆਪਣੀ ਜ਼ਿੰਦਗੀ ਦੀਆਂ ਸੁਹਾਵਣੀਆਂ ਘੜੀਆਂ ਨੂੰ ਅਮਰ ਬਣਾਉਣ ਲਈ ਕਲੀਅਰਬਰੁੱਕ ਫੋਟੋ ਗਰਾਫਰਜ਼ ਕੋਲੋਂ ਫੋਟੋ ਖਿਚਵਾਓ!

In The Cedar Park Shopping Centre,
CLEARBROOK, B.C. V2J 3S4

## 'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ
## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address:

Name..........................
Address..........................
City..........................
Province..........................
Postal code..........................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year .................. | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ...................... | 30 dollars [a year] |
| Europe ...................... | 100 dollars[a year] |
| Africa ...................... | 100 dollars [a year] |

# ਸੰਸਾਰ ਅਮਨ ਲਹਿਰ ਵਿਚ ਅਮਰੀਕਾ ਦਾ ਯੋਗਦਾਨ

ਜੰਗ ਸਿੰਘ ਗਿਆਨੀ

ਇਸ ਵਿਚ ਕੋਈ ਸੰਦੇਹ ਨਹੀਂ ਕਿ ਸੰਸਾਰ ਅਮਨ ਲਹਿਰ ਵਿਚ ਸਭ ਤੋਂ ਵੱਧ ਹਿਸਾ ਰੂਸ ਵਲੋਂ ਪਾਇਆ ਜਾ ਰਿਹਾ ਹੈ,ਪ੍ਰੰਤੂ ਅਮਰੀਕਾ ਦੀ ਜਨਤਾ ਵਿਚ ਵੀ ਅਮਨ ਲਹਿਰ ਲਈ ਬਹੁਤ ਉਭਾਰ ਆ ਗਿਆ ਹੈ। 31 ਦਸੰਬਰ 1986 ਨੂੰ ਮਾਸਕੋ ਵਿਚ ਜੋ ਸਰਬ ਸੰਸਾਰ ਅਮਨ ਪ੍ਰਾਰਥਨਾ ਸਭਾ ਹੋਈ ਜਿਸ ਵਿਚ ਸੰਸਾਰ ਦੇ ਸਾਰੇ ਦੇਸ਼ਾਂ ਤੇ ਮਜ਼ਬਾਂ ਦੇ ਲੋਕ ਸ਼ਾਮਲ ਹੋਏ ਉਸ ਵਿਚ ਸਭ ਤੋਂ ਵੱਡਾ ਡੈਲੀਗੇਸ਼ਨ ਅਮਰੀਕਾ ਵਿਚੋਂ ਗਿਆ ਸੀ। ਜਿਸ ਵਿਚ ਅਮਰੀਕਾ ਦੇ ਨਵੇਂ ਸਜੇ ਸਿੰਘ ਸ੍ਰ:ਤਾਰਾ ਸਿੰਘ ਸ਼ਾਂਤਾਕਰੁਜ ਵੀ ਸ਼ਾਮਲ ਸਨ। ਜਦ ਉਹ ਰੂਸ ਦੇ ਦੌਰੇ ਤੋਂ ਵਾਪਸ ਆਏ ਤਾਂ ਮੈਂ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਸ ਪ੍ਰਾਰਥਨਾ ਸਭਾ ਵਿਚ ਕਿਸੇ ਹੋਰ ਦੇਸ਼ ਤੋਂ ਵੀ ਕੋਈ ਸਿੱਖ ਆਇਆ ਸੀ ? ਤਾਂ ਉਨ੍ਹਾਂ ਕਿਹਾ ਕਿ ਨਹੀਂ ਕੇਵਲ ਸਵਾ ਲੱਖ ਅਮਰੀਕਨ ਖਾਲਸਾ ਹੀ ਉਥੇ ਹਾਜ਼ਰ ਸੀ,ਪਰ ਅਮਰੀਕਾ ਤੋਂ ਕੋਈ 65 ਅਮਨ ਪ੍ਰੇਮੀਆਂ ਦਾ ਡੈਲੀਗੇਸ਼ਨ ਗਿਆ ਸੀ ਜੋ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਨਜ਼ਰ ਆ ਰਿਹਾ ਸੀ। ਮੈਂ ਕਿਹਾ ਅਮਰੀਕਾ ਦੇ ਪ੍ਰਧਾਨ ਰੇਗਨ ਨੂੰ ਤਾਂ ਸਾਰੇ ਸੰਸਾਰ ਵਿਚ ਜੰਗ ਬਾਜ਼ ਨੇਤਾ ਕਹਿਕੇ ਭੰਡਿਆ ਜਾ ਰਿਹਾ ਹੈ ਅਤੇ ਸੰਸਾਰ ਦੇ ਲੋਕਾਂ ਨੂੰ ਇਹ ਦੱਸਿਆ ਜਾ ਰਿਹਾ ਹੈ,ਕਿ

ਇਸ ਸਮੇਂ ਦੁਨੀਆਂ ਵਿਚ ਅਮਰੀਕਾ ਹੀ ਇਕ ਐਸਾ ਦੇਸ਼ ਹੈ ਜੋ ਅਮਨ ਦੇ ਰਾਹ ਵਿਚ ਰੋੜੇ ਅਟਕਾ ਰਿਹਾ ਹੈ,ਤੇ ਆਪਣੇ ਹਥਿਆਰਾਂ ਦੀ ਵਿਕਰੀ ਵਧਾਉਣ ਲਈ ਕਈ ਦੇਸ਼ਾਂ ਤੇ ਕੌਮਾਂ ਵਿਚ ਦੁਫੇੜ ਪਾਕੇ ਝਗੜੇ ਖੜੇ ਕਰ ਰਿਹਾ ਹੈ,ਤਾਂ ਉਨ੍ਹਾਂ ਕਿਹਾ ਇਹ ਠੀਕ ਹੈ ਕਿ ਅਮਰੀਕਾ ਦੀ ਸਰਕਾਰ ਅਤੇ ਅਮਰੀਕਾ ਦੇ ਵੱਡੇ ਵੱਡੇ ਕਾਰਖਾਨੇਦਾਰ ਸੰਸਾਰ ਅਮਨ ਲਹਿਰ ਦਾ ਪੂਰੀ ਤਰ੍ਹਾਂ ਸਮਰਥਨ ਨਹੀਂ ਕਰਦੇ ਪ੍ਰੰਤੂ ਅਮਰੀਕਾ ਦੀ ਜਨਤਾ ਵਿਚ ਅਮਨ ਲਈ ਬਹੁਤ ਉਤਸ਼ਾਹ ਤੇ ਉਮਾਹ ਪੈਦਾ ਹੋ ਚੁੱਕਿਆ ਹੈ,ਜੋ ਰੇਗਨ ਪ੍ਰਸ਼ਾਸ਼ਨ ਨੂੰ ਵੀ ਸੰਸਾਰ ਅਮਨ ਲਹਿਰ ਵਿਚ ਹਿਸਾ ਪਾਉਣ ਲਈ ਅਤੇ ਰੂਸ ਦੇ ਨੇਤਾ ਗੌਰਬਾਚੋਬ ਵਲੋਂ ਕੀਤੀ ਹਥਿਆਰ ਘਟਾਉਣ ਤੇ ਐਟਮੀ ਜੰਗ ਤੋਂ ਸੰਕੋਚ ਕਰਨ ਦੀ ਪੇਸ਼ਕਸ਼ ਨੂੰ ਪ੍ਰਵਾਨ ਕਰਨ ਲਈ ਮਜ਼ਬੂਰ ਕਰ ਰਿਹਾ ਹੈ। ਉਨ੍ਹਾਂ ਨੇ ਅਮਰੀਕਾ ਵਿਚ ਚਲ ਰਹੀ ਅਮਨ ਲਹਿਰ ਦਾ ਹੋਰ ਵਿਸਥਾਰ ਦੱਸਦੇ ਹੋਏ ਕਿਹਾ,ਅਮਰੀਕਾ ਦੀ ਜਨਤਾ ਦੀ ਭਾਰੀ ਬਹੁ-ਗਿਣਤੀ ਅਮਨ ਲਹਿਰ ਵਿਚ ਵੱਧ ਤੋਂ ਵੱਧ ਹਿਸਾ ਪਾਉਣ ਦੇ ਹੱਕ ਵਿਚ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ ਵਿਚੋਂ 12 ਬੱਚੇ ਚੁਣੇ ਗਏ ਹਨ ਜੋ ਅਗਲੇ ਜੁਲਾਈ ਦੇ ਮਹੀਨੇ ਰੂਸ ਜਾਣਗੇ। ਰੂਸ ਵਿਚੋਂ ਚੁਣੇ ਗਏ 12 ਬੱਚੇ ਉਨ੍ਹਾਂ ਦੇ ਨਾਲ ਸ਼ਾਮਲ ਹੋਣਗੇ। ਇਸਤੋਂ ਉਪਰੰਤ ਇਹ 24 ਬੱਚੇ ਰੂਸ ਦੇ ਕਈ ਸ਼ਹਿਰਾਂ ਵਿਚ ਅਮਨ ਦੇ ਹੱਕ ਵਿਚ ਸਭਿਆਚਾਰਕ ਪਰੋਗਰਾਮ ਪੇਸ਼ ਕਰਕੇ ਫਿਰ ਅਮਰੀਕਾ ਆਉਣਗੇ ਅਤੇ ਅਮਰੀਕਾ ਦੇ ਕਈ ਸ਼ਹਿਰ ਦਾ ਦੌਰਾ ਕਰਨ ਤੋਂ ਉਪਰੰਤ ਇਹ ਸਾਰੇ ਬੱਚੇ ਜਿਨ੍ਹਾਂ ਵਿਚ ਲੜਕੇ ਤੇ ਲੜਕੀਆਂ ਸ਼ਾਮਲ ਹੋਣਗੇ। ਭਾਰਤ ਤੇ ਪਾਕਿਸਤਾਨ ਦੇ ਸ਼ਹਿਰਾਂ ਵਿਚ ਵੀ ਸਭਿਆਚਾਰਕ ਪਰੋਗਰਾਮ ਰਾਹੀਂ ਤੇ ਗੀਤ ਸੰਗੀਤ,ਡਰਾਮਿਆਂ ਤੇ ਵੀਡੀਉ ਫਿਲਮਾਂ ਰਾਹੀਂ ਅਮਨ ਦੇ ਹੱਕ ਵਿਚ ਜ਼ੋਰਦਾਰ ਲਹਿਰ ਚਲਾਉਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਰੂਸ ਦਾ ਇਕ ਛੋਟਾ ਜਿਹਾ ਸ਼ਹਿਰ ਅਲੂਸਟਾ ਨੂੰ CITY OF PEACE (ਅਮਨ ਦਾ ਸ਼ਹਿਰ)ਕਰਕੇ ਐਲਾਨਿਆਂ ਗਿਆ ਹੈ ਅਤੇ ਮੇਰਾ ਯਤਨ ਹੈ ਕਿ ਅਮਰੀਕਾ ਵਿਚੋਂ ਸਾਂਟਾਕਰੂਜ਼ ਨੂੰ CITY OF PEACE ਕਹਿਕੇ ਐਲਾਨਿਆ ਜਾਵੇ।

ਰੂਸ ਦੇ ਉਸ ਸ਼ਹਿਰ ਅਲੂਸਟਾ ਦੇ ਮੇਅਰ ਅਮਰੀਕਾ ਸਾਂਟਾਕਰੂਜ਼ ਦੇ ਮੇਅਰ ਨੂੰ ਮਿਲਣਗੇ ਤੇ ਇਸ ਸ਼ਹਿਰ ਨੂੰ ਅਮਨ ਦੇਸ਼ ਸ਼ਹਿਰ ਵਜੋਂ ਅਡਾਪਟ ਕਰਨ ਪੁਰ ਜ਼ੋਰ ਦੇਣਗੇ। ਜੇ ਇਹ ਤਜ਼ਵੀਜ਼ ਪ੍ਰਵਾਨ ਹੋ ਗਈ ਤਾਂ ਸਾਂਟਾਕਰੂਜ਼ (ਕੈਲੇਫੋਰਨੀਆ) ਅਮਰੀਕਾ ਵਿਚ ਅਮਨ ਲਹਿਰ ਦਾ ਕੇਂਦਰ ਬਣ ਜਾਵੇਗਾ। ਇਸ ਸ਼ਹਿਰ ਵਿਚੋਂ ਅਮਨ ਦੇ ਹੱਕ ਵਿਚ ਇਕ ਰਸਾਲਾ PEACE BRIDGE COMMUNITY GUIDE (ਪੀਸ ਬਰਿਜ ਕਮਿਊਨਿਟੀ ਗਾਈਡ) ਪ੍ਰਕਾਸ਼ਤ ਕੀਤਾ ਜਾਵੇਗਾ ਜੋ ਅਮਰੀਕਾ ਤੇ ਰੂਸ ਦੀ ਜਨਤਾ ਨੂੰ ਇਕ ਦੂਜੇ ਦੇ ਨੇੜੇ ਲਿਆਕੇ ਸੰਸਾਰ ਅਮਨ ਲਹਿਰ ਨੂੰ ਹੋਰ ਮਜ਼ਬੂਤ ਕਰਨ ਦਾ ਕੰਮ ਕਰੇਗਾ। ਅਮਰੀਕਾ ਤੋਂ ਬੱਚਿਆਂ ਦੇ ਡੈਲੀਗੇਸ਼ਨ ਹਰ ਸਾਲ ਰੂਸ ਅਤੇ ਸੰਸਾਰ ਦੇ ਹੋਰ ਉਨ੍ਹਾਂ ਦੇਸ਼ਾਂ ਦਾ ਦੌਰਾ ਕਰਨ ਜਾਇਆ ਕਰਨਗੇ। ਜਿਥੇ ਅਮਨ ਲਹਿਰ ਨੂੰ ਹੋਰ ਵਧੇਰੇ ਪ੍ਰਚਾਰਨ ਦੀ ਲੋੜ ਸਮਝੀ ਜਾਵੇਗੀ। ਇਹ ਡੈਲੀਗੇਸ਼ਨ ਏਸ਼ੀਆ,ਅਫਰੀਕਾ ਅਤੇ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਦਾ ਦੌਰਾ ਕਰਿਆ ਕਰਨਗੇ। ਇਨ੍ਹਾਂ ਪਰੋਗਰਾਮਾਂ ਉਤੇ ਠੀਕ ਢੰਗ ਨਾਲ ਅਮਲ ਕਰਨ ਲਈ ਅਰਬਾਂ ਖਰਬਾਂ ਡਾਲਰ ਖਰਚ ਆਉਣਗੇ। ਮੈਂ ਸ੍ਰ:ਤਾਰਾ ਸਿੰਘ ਹੋਰਾਂ ਨੂੰ ਪੁਛਿਆ ਇਹ ਇਤਨਾ ਪੈਸਾ ਕਿਥੋਂ ਆਵੇਗਾ ? ਉਹ ਕਹਿਣ ਲੱਗੇ ਅਮਰੀਕਾ ਦੀ ਜਨਤਾ ਵਿਚ ਅਮਨ ਦੇ ਹੱਕ ਵਿਚ ਜੋ ਉਭਾਰ ਪੈਦਾ

ਬਾਕੀ ਪੰਨਾ 15 'ਤੇ

NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S

PLUMBING & ELECTRICAL SUPPLY



4774 Main Street, (At 32nd.)
Vancouver, B.C.
PH: 872-3118 (Supply)
872-7227 (Service)

"Free customer parking at rear" OPEN SUNDAYS

NEW YORK LIFE

NEW YORK LIFE INSURANCE COMPANY
BRITISH COLUMBIA GENERAL OFFICE
2030-1055 WEST GEORGIA STREET
VANCOUVER, BRITISH COLUMBIA

Life, Health, Group Insurance,
Annuities, Pension Plans
Temprary and Permanent Policies

Smokers & Non Smokers Rates

ਇਨਸ਼ੋਰੈਂਸ ਲਈ ਆਪਣੀ ਚੋਣ ਅਨੁਸਾਰ ਘੱਟ ਜਾਂ ਵੱਧ ਪੇਮੈਂਟ ਕਰ ਸਕਦੇ ਹੋ

ਹਰ ਤਰ੍ਹਾਂ ਦੀਆਂ ਜ਼ਿੰਦਗੀ ਬੀਮਾ ਪਾਲਸੀਆਂ ਲਈ ਮਿਲੋ ਜਾਂ ਫੋਨ ਕਰੋ :

Off: 685-7364 Bhupinder Dhaliwal Res: 589-1559



Bhupinder Dhaliwal

■ BUYING ■ SELLING

Free Evaluation For Your
Property Call Any Time
Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S.
Medallion Club For 83-84 85-86

# The Manitoba Mirror

# ਮੈਨੀਟੋਬਾ ਦਰਪਣ


## Dino's at the New Location

ਡੀਨੋਜ਼ ਨਵੀਂ ਥਾਂ ਉਤੇ

## DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੇਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼ਰੀਦਣ ਉਤੇ ਡਿਸਕਾਊਂਟ
- ਵਿੰਨੀਪੇਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**

**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**

## Locations Realty Inc.

36, Roslyn Road, WINNIPEG, MAN. R3L 0G6

ਆਪਣਾ ਘਰ ਖ਼ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ



**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600** (24 hrs.)

**Res. 694-3550**

LOCATIONS
REALTY INC.

AUTOPAC
PROTECTING MANITOBANS ON THE MOVE

## Dorion Insurance Agency

## ਡੋਰੀਅਨ ਇਨਸ਼ੋਰੈਂਸ ਏਜੰਸੀ

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061



Kulwant S. Brar
Manager & Owner

509 ELLICE AVE. WINNIPEG, MAN.

Commissioner for oaths

## AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

**ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ੍ਰੀਦੋ**

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.





**ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :**

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁੱਪਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁੱਪਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁੱਪਟੇ ਆਦਿ

ਆਓ ਤੇ ਅਜ਼ਮਾ ਕੇ ਦੇਖੋ !



## BOMBAY FASHIONS

724 SARGENT AVE., WINNIPEG, MANITOBA R3E 0B2

**Prop. BALDEV S. BEDI** M.A.B.A. (Hons.)



## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



**Sukhjinder S. Dhillon**
**Res: 669-2573**

**ਰਾਜ ਸਿੰਘ ਮਾਨ**

ਜਾਂ

**ਸੁਖਜਿੰਦਰ ਸਿੰਘ ਢਿੱਲੋਂ**

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

# ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ
# 'ਕੈਨੇਡਾ ਦਰਪਣ' ਫੋਨ (604) 581-4473

## GIL'S NEW & USED

**Furniture & Appliances Warehouse**

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ

**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ**



ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

## ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

ਭਾਰਤ ਜਾਣ ਵਾਲਿਆਂ ਲਈ ਜੋ ਰਾਹ ਵਿਚ
ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ
ਫਲਾਈਟਾਂ ਦਾ ਵੀ ਪ੍ਰਬੰਧ ਹੈ

CALL TOLL FREE **1-800-663-6699** (B.C. & ALBERTA)



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

## BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

## ਪੰਜਾਬੀ ਮਾਰਕਿਟ ਵਿਚ

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

**MENS, LADIES & CHILDRENS' SHOES AND LEATHER LUGGAGE & ACCESSORIES**

**Mohinder Singh Mann**

**ਮਹਿੰਦਰ ਸਿੰਘ ਮਾਨ**

**321-4353**

**MANN SHOE STORE**

6570 MAIN ST., VANCOUVER, B.C.

# D.P. Pandia & Associates

**Immigration Consultants**

**Serving the Community Since 1939**

**Ph. (604) 684-3716 or 684-8601**

# 61 - 553 Granville St., Vancouver, B.C.



# ਸਾਹਿਤ ਤੇ ਕਲਾ



## ਕਹਾਣੀ

# ਕਮਰਾ ਨੰਬਰ 10

### ਤੇਜ ਸੰਧੂ ਸਮਾਧਵੀ

ਅੱਜ ਸਵੇਰ ਦਾ ਉਠਕੇ ਕੁਸ਼ ਨਹੀਂ ਕੀਤਾ,ਐਵੇਂ ਟੀ.ਵੀ. ਲਾ ਲਈ ਸਟੇਰੀਉ ਲਾ ਲਿਆ ਉਹਨੂੰ ਬੰਦ ਕੀਤਾ,ਵੀਡੀਉ ਵਿਚ ਕੋਈ ਪੁਰਾਣੀ ਪਈ ਫਿਲਮ ਫਸਾ ਲਈ। ਪਰ ਫਿਰ ਵੀ ਮਨ 'ਚ ਉਦਾਸੀ ਜਿਹੀ ਕਾਸੇ ਨੂੰ ਮੂਡ ਹੀ ਨਹੀਂ ਬਣਦਾ,ਕੀ ਕਰਾਂ ਜਾਂ ਨਾਂ ਕਰਾਂ। ਮਸਾਂ ਹਫਤੇ ਮਗਰੋਂ ਦੋ ਛੁੱਟੀਆਂ ਆਉਂਦੀਆਂ ਹਨ ਉਹ ਵੀ ਬੋਰਿੰਗ ਹੀ ਬੋਰਿੰਗ,ਸੈਚਰਡੇ ਤਾਂ ਫਿਰ ਸਟੋਰਾਂ-ਸਟੂਰਾਂ ਵਿਚ ਜਾਂਦਿਆਂ ਕਰਦਿਆਂ ਲੰਘ ਜਾਂਦਾ ਹੈ ਪਰ ਸੰਡੇ ਤਾਂ ਸਟੋਰ ਵੀ ਖੁੱਲ੍ਹੇ ਨਹੀਂ ਹੁੰਦੇ ਬਈ ਬੰਦਾ ਉਥੇ ਹੀ ਗੇੜਾ-ਗੁੜਾ ਕੱਢ ਆਵੇ।

ਐਤਵਾਰ ਛੁੱਟੀ ਦਾ ਦਿਨ ਐ,ਕੋਈ ਚਰਚ,ਮਸੀਤ ਜਾਂ ਗੁਰਦੁਆਰੇ ਜਾਂਦਾ ਹੈ। ਮੈਂ ਵੀ ਮੂਡ ਬਣਾਉਂਦਾ ਹਾਂ ਕਿ ਹੋਰ ਨਹੀਂ ਤਾਂ ਚਲੋ ਅੱਜ ਗੁਰਦੁਆਰੇ ਹੀ ਜਾ ਆਈਏ ਪਰ ਫਿਰ ਸੋਚਕੇ ਛੱਡ ਦਿੰਦਾ ਹਾਂ,ਉਥੇ ਕਿਹੜਾ ਮਨ ਨੂੰ ਸ਼ਾਂਤੀ ਆਉਣੀ ਹੈ। ਕਿਸੇ ਦੀ ਨਿੰਦਿਆ ਚੁਗਲੀ ਹੀ ਸੁਣਾਂਗੇ ਜਾਂ ਕਰਾਂਗੇ। ਇਹ ਵੀ ਕੰਮ ਬਹੁਤਾ ਠੀਕ ਨਹੀਂ। ਇਹੋ ਜਿਹੀਆਂ ਸੋਚਾਂ ਵਿਚਾਰਾਂ ਵਿਚ ਹੀ ਮਨ ਇਧਰ ਉਧਰ ਦੁੜੰਗੇ ਲਾ ਰਿਹਾ ਸੀ ਜਦ ਨੂੰ ਟੈਲੀਫੋਨ ਦੀ ਘੰਟੀ ਖੜਕੀ। ਟੈਲੀਫੋਨ ਮੇਰੇ ਕੋਲ ਹੀ ਪਿਆ ਸੀ ਮੈਂ ਪਹਿਲੀ ਰਿੰਗ ਨਾਲ ਹੀ ਚੁੱਕ ਲਿਆ ਅਤੇ ਹੈਲੋ ਕਹੀ—

ਅੱਗੋਂ ਕੋਈ ਆਦਮੀ ਬੋਲਿਆ," ਮੈਂ ਕਿਹਾ ਭਾਅ ਜੀ,ਭੈਣ ਜੀ ਹੋਰੀਂ ਘਰੇ ਈ ਆ।"

ਮੈਂ ਸੋਚਿਆ ਬਈ ਕੋਈ ਓਪਰਾ ਜਿਹਾ ਆਦਮੀ ਲੱਗਦੈ ਇਹ ਨੇ ਭੈਣ ਜੀ ਨਾਲ ਕੀ ਗੱਲ ਕਰਨੀ ਐ। ਚੱਲ ਕੋਈ ਹੋਊ! ਇਹ ਸੋਚਕੇ ਮੈਂ ਘਰ ਵਾਲੀ ਨੂੰ ਵਾਜ ਦਿੱਤੀ,ਆ ਤੇਰਾ ਫੋਨ ਐ,ਫੜ ਲੀਂ ਆਕੇ—

ਜਦ ਉਸਨੇ ਫੋਨ ਫੜਕੇ ਹੈਲੋ ਕਿਹਾ ਅਤੇ ਬੜਾ ਮਿਠਾ ਮਿਠਾ ਜਿਹਾ ਬੋਲੀ ਜਾਵੇ,ਹਾਂ ਜੀ,ਜ਼ਰੂਰ ਆਵਾਂਗੇ,ਹਾਂ-ਹਾਂ ਮੈਂ ਹੁਣੇ ਹੀ ਗੁਆਂਢੀਆਂ ਨੂੰ ਵੀ ਦੱਸ ਦੇਵਾਂਗੀ। ਅੱਛਾ ਜੀ! ਜ਼ਰੂਰ,ਚੰਗਾ ਜੀ,ਬਾਏ! ਬਾਏ!
ਇਹ ਕਿਹੜਾ ਧਗੜਾ ਸੀ ਜੀਹਨੂੰ ਜੀ-ਜੀ ਕਰੀ ਜਾਂਦੀ ਸੀ। ਘਰ ਵਾਲੀ ਦੇ ਫੋਨ ਰੱਖਣ ਸਾਰ ਹੀ ਮੈਂ ਉਹਦੇ ਤੇ ਵਰ੍ਹ ਪਿਆ।
ਮੈਂ ਕਿਹਾ ਜੀ—ਕਿਉਂ ਐਵੇਂ ਹਰ ਮੌਕੇ ਉਲਟੀਆਂ ਪੁਲਟੀਆਂ ਹੀ ਸੋਚਦੇ ਰਹਿੰਦੇ ਹੋ। ਉਹ ਕੱਪੜੇ ਵਾਲਾ ਆਇਆ ਹੋਇਆ ਹੈ। ਇਕ ਦੋ ਸੂਟ ਲੈਣੇ ਸੀ। ਕੁਦਰਤੀ ਮੌਕੇ ਨਾਲ ਆ ਗਏ ਨਹੀਂ ਤਾਂ ਵੈਨਕੂਵਰ ਤੋਂ ਖਰੀਦਣੇ ਪੈਣੇ ਸੀ,ਨਾਲੇ ਸੋਨੂ ਪਤਾ ਮੁਰਲੇ ਦੋ-ਚੌਂਹ ਵੀਕਾਂ ਵਿਚ ਮੇਰੀ ਛੋਟੀ ਭੈਣ ਨੇ ਵਿਆਹ ਕਰਾਏ ਤੋਂ ਬਾਅਦ ਆਪਾਂ ਨੂੰ ਮਿਲਣ ਆਉਣੈਂ,ਲੀੜੇ ਤਾਂ ਚਾਹੀਦੇ ਈ ਐ ਹੋਰ ਮੈਂ ਕੋਲੇ ਆਈ ਨੂੰ ਖਾਲੀ ਹੱਥ ਮੋੜੂ।
ਮੈਂ ਦਿਲ 'ਚ ਸੋਚਿਆ ਅੱਜ ਸੌ,ਦੋ ਸੌ ਡਾਲਰ ਨੂੰ ਗੁੱਲ ਲਾਕੇ ਆਊ।

ਅੱਛਾ ਇਹ ਦੱਸੋ ਜੀ,ਰੋਟੀ ਹੁਣੇ ਖਾਣੀ ਐ ਕਿ ਆਕੇ ਲਾਹ ਦਿਆਂ,ਮੈਂ ਵੀ ਚਲੀ ਹਾਂ ਫਿਰ ਗੁਆਂਢਣ ਨੂੰ ਨਾਲ ਲੈ ਕੇ ਕੱਪੜੇ ਲੈਣ।
ਘਰ ਵਾਲੀ ਨੇ ਤਿਆਰੀ ਵੀ ਖਿਚ ਲਈ।
ਮਖ ਐਡੀ ਵੀ ਤੈਨੂੰ ਕੀ ਕਾਹਲ ਐ ਘੰਟਾ ਅਟਕ ਕੇ ਜਾ ਵੜੀਂ,ਕੱਪੜੇ ਵਾਲੇ ਡੰਗ-ਦਿਹਾੜੀ ਤਾਂ ਇਥੇ ਰਹਿਣਗੇ ਹੀ—ਮੈਥੋਂ ਰਿਹਾ ਨਾ ਗਿਆ।
ਨਾਂ-ਜੀ—ਨਾਂ,ਮੈਂ ਤਾਂ ਹੁਣੇ ਈ ਜਾਣੈਂ ਮਗਰੋਂ ਫਿਰ ਚੁਆਇਸ ਨਹੀਂ ਰਹਿੰਦੀ। ਨਾਲੇ ਉਨ੍ਹਾਂ ਨੇ ਅੱਜ ਦੀ ਦਿਹਾੜੀ ਹੀ ਰਹਿਣੈਂ ਕੱਲ ਨੂੰ ਤਾਂ ਉਨ੍ਹਾਂ ਨੇ ਪਰਿੰਸ ਜੌਰਜ ਨੂੰ ਚਲੇ ਜਾਣੈਂ। ਕਹਿੰਦੀ ਕਹਿੰਦੀ ਨੇ ਦੋ ਰੋਟੀਆਂ ਲਾਹੀਆਂ ਅਤੇ ਪੋਣੇ ਵਿਚ ਵਲੇਟ ਕੇ ਰੱਖਦੀ ਹੋਈ ਨੇ ਕਿਹਾ—ਆ-ਜੀ ਰੋਟੀਆਂ ਲਾਹ ਕੇ ਰੱਖ ਚੱਲੀ ਹਾਂ,ਜਦੋਂ ਜੀਅ ਕਰੇ ਖਾ ਲੈਣਾ ਤੇ ਮੈਂ ਤਾਂ ਚੱਲੀ। ਹਾਂ ਸੱਚ (ਤਾੜਨਾ ਭਰੇ ਲਹਿਜੇ ਵਿਚ) ਸਰਬੀ ਮੋਨੂ ਅਤੇ ਸਾਜੂ ਦਾ ਖਿਆਲ ਰੱਖੀਂ।
ਚੰਗਾ ਤੇਰੀ ਮਰਜ਼ੀ! ਪਰ ਸਰਫੇ ਨਾਲ ਸਾਰੀਂ ਐਵੇਂ ਨਾ ਬੇ-ਲੋੜੇ ਖਿਚੀਂ ਆਵੀਂ ਮੈਂ ਵੀ ਜਾਂਦੀ ਨੂੰ ਫੋਕੀ ਜਿਹੀ ਤਾੜਨਾ ਕੀਤੀ।
ਲੈ! ਮੈਂ ਕੋਈ ਕਮਲੀ ਥੋੜੇ ਆਂ ਜਿਹੜੀ ਐਵੇਂ ਪੈਸੇ ਸੁੱਟਦੀ ਫਿਰਦੀ ਹੋਵਾਂ ਕਹਿੰਦੀ ਹੋਈ ਨੇ ਬਾਹਰ ਨਿੱਕਲ ਕੇ ਡੋਰ ਬੰਦ ਕੀਤਾ। ਗੁਆਂਢਣ ਪਹਿਲਾਂ ਹੀ ਬਾਹਰ ਕਾਰ ਕੋਲ ਆਈ ਖੜੀ ਸੀ। ਉਨ੍ਹਾਂ ਨੇ ਕਾਰ ਸਟਾਰਟ ਕੀਤੀ ਅਤੇ ਚਲੀਆਂ ਗਈਆਂ।

ਉਨ੍ਹਾਂ ਦੇ ਜਾਣ ਤੋਂ ਪਿਛੋਂ ਮੈਂ ਸੋਚਾਂ ਵਿਚ ਡੁੱਬ ਗਿਆ। ਮਸਾਂ ਫੱਟਿਆਂ ਨਾਲ ਫੱਟੇ ਹੋਕੇ ਪੈਸੇ ਕਮਾਈਦੇ ਹਨ। ਪਰ ਇਹ ਜ਼ਨਾਨੀਆਂ ਭੋਰਾ-ਰੀਣ ਜਿੰਨੀ ਕਿਰਸ ਵੀ ਨਹੀਂ ਕਰਦੀਆਂ। ਮਾੜਾ ਮੋਟਾ ਫਾਰਮਾਂ 'ਚੋਂ ਚਾਰ ਪੈਸੇ ਤਾਂ ਲੈ ਆਉਂਦੀਆਂ ਹਨ ਕਿਸੇ ਨੂੰ ਕੁਸ਼ ਸਮਝਦੀਆਂ ਈ ਨਹੀਂ। ਦਿਮਾਗ ਨੇ ਗੋਤਾ ਖਾਧਾ ਅਤੇ ਪਿਛੇ ਇੰਡੀਆ ਚਲਾ ਗਿਆ। ਯਾਰ! ਸਾਡੀ ਬੇਬੇ ਤਾਂ ਮਿੱਟੀ ਨਾਲ ਮਿੱਟੀ ਹੋਈ ਰਹਿੰਦੀ ਸੀ,ਸਿਆਲ ਦੇ ਮਹੀਨੇ ਮਤਰਾਲਾਂ ਉਹਦੇ ਸਿਰ 'ਚ ਚਿਉਂਦੀਆਂ ਹੁੰਦੀਆਂ ਸਨ,ਬਾਪੂ ਫਿਰ ਵੀ ਹਾੜੀ-ਸੌਣੀ ਬੇਬੇ ਨੂੰ ਇਕ ਸੂਟ ਬਣਾਕੇ ਦਿੰਦਾ ਹੁੰਦਾ ਸੀ,ਪਰ ਹੁਣ ਆਲੀਆਂ ਪਤਾ ਨਹੀਂ ਕਿਹੜੀ ਮਿੱਟੀ ਦੀਆਂ ਬਣੀਆਂ ਹੋਈਆਂ ਹਨ। ਸਿਆਲ ਦੇ ਮਹੀਨੇ ਸ਼ਾਵਲ (Shoval) ਅਤੇ ਗਰਮੀਆਂ ਵਿਚ ਰੇਕ (Rake) ਚੱਕਣਾ ਹੇਠੀ ਸਮਝਦੀਆਂ ਹਨ ਜਿਵੇਂ ਪਟਿਆਲੇ ਆਲੇ ਦੀਆਂ ਧੀਆਂ ਹੋਣ। ਸੂਟ ਚੜ੍ਹਦੇ ਤੋਂ ਚੜ੍ਹਦਾ ਪਾਉਂਦੀਆਂ ਹਨ। ਗੁਰਦੁਆਰੇ ਦੇਖਣੀਆਂ ਹੋਣ,ਰਾਗੀ-ਢਾਡੀ ਪਏ ਜ਼ੋਰ ਲਾਉਂਦੇ ਰਹਿਣ ਭਾਈ ਬੀਬੀਓ! ਚੁੱਪ ਦਾ ਦਾਨ ਬਖਸ਼ੋ,ਜ਼ਰਾ ਧਿਆਨ ਦੇਣਾ। ਪਰ ਧਿਆਨ ਤਾਂ ਇਹੇ ਤਾਂ ਹੀ ਦੇਣ ਜੇ ਇਹ ਸੂਟਾਂ,ਗਹਿਣੇ ਤੇ ਸੁਰਖੀ-ਪਾਊਡਰ ਦੀਆਂ ਗੱਲਾਂ ਤੋਂ ਵਿਹਲੀਆਂ ਹੋਣ।

ਮੈਂ ਇਨ੍ਹਾਂ ਸੋਚਾਂ ਵਿਚਾਰਾਂ ਵਿਚ ਠੀਕ-ਠੂਕ ਜਿਹਾ ਹੀ ਹੁੰਦਾ ਫਿਰਦਾ ਸੀ ਕਿ "ਸਰਬੀ" ਸੁੱਤਾ ਉਠ ਖੜ੍ਹਾ ਹੋਇਆ ਮਸਾਂ ਦੁੱਧ-ਪਾਣੀ ਦੇਕੇ ਉਹਨੂੰ ਖੇਡਣ ਲਾਇਆ,ਜਦ ਨੂੰ "ਮੋਨੂ"ਉਠ ਖੜ੍ਹੀ ਹੋਈ—ਲੈ ਬਈ! ਉਹਦਾ ਡਾਇਪਰ-ਡੂਪਰ ਬਦਲਿਆ ਤਾਂ "ਸਾਜੂ"ਹੋਰੀਂ ਰੋਣ ਲੱਗ ਪਏ। ਕਰਦੇ ਕਰਾਉਂਦੇ ਨੂੰ ਮੈਨੂੰ ਢਾਈ-ਪੌਣੇ ਤਿੰਨ ਵੱਜ ਗਏ,ਰੋਟੀ ਵੀ ਵਿਚਦੀ ਮਸਾਂ ਅਣਚਥਲੀ ਜਿਹੀ ਕਰਕੇ ਅੰਦਰ ਸੁੱਟੀ। ਮੇਰਾ ਸਾਹ 'ਚ ਸਾਹ ਆਇਆ ਜਦ ਬਾਹਰ ਡਰਾਈਵ ਵੇ 'ਚ ਕਾਰ ਆਈ ਦੇਖੀ। ਘਰ ਵਾਲੀ ਖੱਬੇ ਪਾਸੇ ਨੂੰ ਝੁਕਦੀ ਹੋਈ ਕਾਰ 'ਚੋਂ ਲਿਫਾਫਾ ਲੈ ਕੇ ਬਾਹਰ ਨਿੱਕਲੀ (ਮੇਰਾ ਮੱਥਾ ਠਣਕਿਆ ਫਾਰਮਾਂ ਦੀ ਕਮਾਈ ਤਾਂ ਗਈ) ਤਾਂ ਮੈਂ ਵੀ ਨਿਆਣਿਆਂ ਨੂੰ ਪਰਚਾਉਂਦਾ ਲੇਲੇ-ਪੇਪੇ ਜਿਹੇ ਕਰਦਾ ਉਹਨੂੰ ਅੱਗੋਂ ਹੋਕੇ ਮਿਲਿਆ।
ਆ—ਬਈ! ਭਾਗਵਾਨੇ ਲੈ ਆਈ ਕੱਪੜੇ।

ਹਾਂ—ਹਾਂ,ਲੈ ਆਈ। ਖਸਮਾਂ ਖਾਣੇ ਕੋਲ ਕੁਸ਼ ਵੀ ਨਹੀਂ ਸੀ ਜਿਹੜਾ ਲਿਆਉਂਦੀ। ਆ ਮਸਾਂ ਦੋ ਸੂਟ ਮਿਲੇ ਐ। ਉਹ ਵੀ ਹੁਣ ਦੇ ਟੈਮ ਦੇ ਨਹੀਂ। ਫੋਨ ਤੇ ਬਥੇਰੀ ਡੌਂਡੀ ਪਾਉਂਦੇ ਸੀ। ਬਈ ਸਾਡੇ ਕੋਲ ਸਾਰੀ ਵੰਨਗੀਆਂ ਦੇ ਸੂਟ ਹਨ।

ਮੈਂ ਦਿਲ 'ਚ ਸੋਚਿਆ ਟੈਮ ਟੂਮ ਦਾ ਪਤਾ ਨਹੀਂ ਕਿੱਦਾਂ ਦਾ ਆ ਗਿਆ। ਸਾਡੀ ਬੇਬੇ ਤਾਂ ਬਾਪੂ ਦੇ ਪਾਟੇ ਝੱਗੇ ਦਾ ਅੱਗਾ-ਪਿਛਾ ਲਾਹਕੇ ਸਾਡੇ ਡੈਪਰ ਲਾ ਦਿੰਦੀ ਸੀ,ਨਹੀਂ ਤਾਂ ਵਾਣ ਦੇ ਮੰਜੇ ਦਾ ਡੈਪਰ ਕਿਤੇ ਗਿਆ ਹੀ ਨਹੀਂ ਹੁੰਦਾ ਸੀ।

ਬੇਬੇ ਤਾਂ ਵੀ ਹਮੇਸ਼ਾ ਖੁਸ਼ ਹੀ ਰਹਿੰਦੀ ਸੀ। ਜਦ ਉਸਨੇ ਆਪਣੇ ਸ਼ਗਨਾਂ ਵਾਲੇ ਸਿੰਗ-ਤਵੀਤ ਅਤੇ ਘੱਗਰਾ ਫੁਲਕਾਰੀ ਸਾਨੂੰ ਦਿਖਾਉਣੇ ਤਾਂ ਉਹਨੇ ਮਣਾਂ—ਮੂੰਹੀਂ ਉਚੀ ਹੁੰਦੀ ਜਾਣਾਂ।——ਤੇ ਹੌਲੀ ਹੌਲੀ ਕਰਕੇ ਬੇਬੇ ਦੀਆਂ ਇਹ ਕੀਮਤੀ ਯਾਦਾਂ ਸਮੇਂ ਦੀ ਤੋਰ ਨੇ ਖਾ ਲਈਆਂ——ਪਰ ਬੇਬੇ ਫੇਰ ਵੀ ਉਦੂ ਖੁਸ਼।

ਖੈਰ! ਮੈਂ ਸਾਰੀਆਂ ਗੱਲਾਂ ਭੁਲਾਕੇ ਭਰਿਆ-ਪੀਤਾ ਚੁੱਪ ਕਰ ਰਿਹਾ,ਚੱਲੋ! ਜੋ ਲਿਆਂਦਾ ਸਭ ਠੀਕ,ਸਿਰਫ ਇਹ ਸੋਚਕੇ ਗੱਡੀ ਪਹੀਏ ਤੇ ਚਲਦੀ ਠੀਕ ਹੈ ਨਹੀਂ ਤਾਂ ਪਹੀਓਂ ਲੱਥੀ ਅਗਲੇ ਦਾ ਵੀ ਨੁਕਸਾਨ,ਸਾਡਾ ਤਾਂ ਪਹਿਲਾਂ।

ਆਪਾਂ ਚੁੱਪ ਧਾਰ ਲੀ,ਕਹਿੰਦੀ ਸੀ ਦੋ,ਪਰ ਸੀਗੇ ਛੇ ਸੱਤ,ਇਹ ਸੋਚਕੇ ਚੁੱਪ ਕਰ ਰਿਹਾ ਕਿ ਡੰਗ-ਦਿਹਾੜੀ ਮਿਲ ਟੁੱਟੀ ਤੋਂ ਘਰੇ ਭੇਜ ਦਿੱਤਾ,ਐਵੇਂ ਮਨ ਨੂੰ ਧਰਵਾਸ ਦੇਣਾ ਸੀ। ਸੋਚਿਆ! ਜ਼ਨਾਨੀਆਂ ਇਹੋ ਜਿਹੀਆਂ ਹੀ ਹੁੰਦੀਆਂ ਹਨ,ਤੀਵੀਂ ਨੂੰ ਕੱਪੜੇ ਨਾਲ ਪਿਆਰ ਹੁੰਦੈ,ਇਨ੍ਹਾਂ ਦਾ ਰਾਂਝਾ ਰਾਜੀ ਤਾਂ ਆਪਣਾ ਨਾਲ ਈ ਐ।

ਮਸਾਂ ਇਕ ਦੋ ਹਫਤੇ ਲੰਘੇ ਹੋਣਗੇ ਫੇਰ ਉਹੀ ਕੱਪੜੇ ਵਾਲੇ,ਉਸੇ ਕਮਰਾ ਨੰਬਰ ਵਿਚ ਆ ਗਏ। ਫੋਨ ਤੇ ਗੱਲ ਕਰਕੇ ਘਰ ਵਾਲੀ ਕਹਿੰਦੀ ਚੰਗਾ ਜੀ! ਜੇ ਨਿਆਣਿਆਂ ਨੂੰ ਸਾਂਭੋ ਤਾਂ ਮੈਂ ਪੰਜਾਂ ਮਿੰਟਾਂ 'ਚ ਈ ਕੱਪੜੇ ਦੇਖਕੇ ਆਈ।
ਚੱਲ! ਮੈਨੂੰ ਵੀ ਨਾਲ ਲੈ ਚੱਲ,ਮੇਰੇ ਕਿਹੜਾ ਪਾਂਅ ਪਈ ਐ,ਜਿਹੜਾ ਮੈਂ ਕੱਪੜਿਆਂ ਨੂੰ ਭਿੱਟ ਦੂੰ।
ਜੀ-ਮਖ-ਜੀ ਆ ਨਿਆਣਿਆਂ ਨੂੰ ਕੌਣ ਰੱਖੂ,ਮੈਂ ਹੁਣੇ ਆਈ।
ਨਿਆਣੇ ਮੇਰੇ ਬਹੁਤੇ ਐ,ਤੇਰੇ ਵੀ ਐ,ਚੱਲ ਨਾਲ ਲੈ ਚੱਲ। ਮੈਂ ਵੀ ਜ਼ਰਾ ਗੁੱਸੇ ਨਾਲ ਬੋਲਿਆ।

ਕਾਰ ਸਟਾਰਟ ਕੀਤੀ ਅਤੇ ਅਸੀਂ ਆਪਣਿਆਂ ਦੇ ਮੋਟਲ ਵਿਚ ਚਲੇ ਗਏ, ਜਿਥੇ ਕੱਪੜੇ ਵਾਲੇ ਆਏ ਹੋਏ ਸਨ। ਜਦ ਜਾਕੇ ਕਾਰ ਖੜ੍ਹੀ ਕੀਤੀ ਤਾਂ ਦੂਰੋਂ ਮੋਟਲ ਦਾ ਕਮਰਾ ਇਵੇਂ ਸਜਿਆ ਹੋਇਆ ਸੀ ਜਿਵੇਂ ਅਸੀਂ ਵੈਨਕੂਵਰ ਦੀ ਮੇਨ ਜਾਂ ਫਰੇਜ਼ਰ ਸਟਰੀਟ ਤੇ ਆ ਗਏ ਹੋਈਏ। ਜਦ ਕਮਰੇ ਅੰਦਰ ਵੜੇ ਤਾਂ ਦੇਖਿਆ,ਚੰਨੂੰਵਾਲੀਏ ਡੱਗੀ ਵਾਲੇ ਗੁਰਾਂਦਿੱਤੇ ਦਾ ਮੁੰਡਾ ਚਮਨਾ ਸਾਨੂੰ ਅੰਦਰ ਵੜਦਿਆਂ ਹੀ ਹੱਦੋਂ ਵੱਧ ਪਿਆਰ ਦੇਣ ਲੱਗ ਪਿਆ। ਸ਼ਾਇਦ ਉਹਨੇ ਸਿਆਣ ਵੀ ਲਿਆ ਹੋਵੇ ਕਿ ਗੁਆਂਢੀ ਪਿੰਡ ਦੇ ਹੀ ਹਨ। ਮੈਂ ਤਾਂ ਇਕ ਪਾਸੇ ਕੁਰਸੀ ਤੇ ਬੈਠ ਗਿਆ। ਪਰ ਚਮਨੇ ਹੋਰੀਂ ਵੰਨ-ਸਵੰਨੀ ਦਾ ਲੀੜਾ ਕੱਪੜਾ ਘਰ ਵਾਲੀ ਨੂੰ ਦਿਖਾਲੀ ਜਾਣ।

ਦੇਖੋ ਜੀ! ਇਹ ਨਵਾਂ ਆਇਆ "ਲੌਂਗ ਦਾ ਲਿਸ਼ਕਾਰਾ",ਆਹ ਦੇਖੋ "ਨੂੰਹ ਸੱਸ ਮਾਰਕਾ",ਆਹਾ ਇਹਦੇ ਨਾਲ ਦਾ "ਨਣਦ ਭਰਜਾਈ ਮਾਰਕਾ",ਆ ਲਓ ਜੀ,! "ਜੀਜਾ ਸਾਲੀ"ਸਿਰੇ ਦਾ,ਚੋਟੀ ਦਾ ਕੱਪੜਾ ਇੱਕ ਵਾਰ ਖਰੀਦੋ ਬੱਸ ਫਿਰ ਪੌਂ—ਬਾਰਾਂ।

ਅਜੇ ਚਮਨਾਂ ਘਰ ਵਾਲੀ ਨਾਲ ਕੱਪੜੇ ਦੇ ਨਾਵਾਂ ਅਤੇ ਫੈਸ਼ਨਾਂ ਬਾਰੇ ਹੀ ਦੱਸਦਾ ਸੀ ਜਦ ਨੂੰ ਬਾਹਰੋਂ ਇਕ ਦੋ ਹੋਰ ਜ਼ਨਾਨੀਆਂ ਆ ਗਈਆਂ।

ਮੈਂ ਮੌਕਾ ਪਾਕੇ ਹੌਲੀ ਦੇਣੇ ਸਿੰਘਣੀ ਨੂੰ ਕੰਨ ਵਿਚ ਕਿਹਾ—ਕਿਉਂ ਵਿਗੜਦੀ ਐ ਇਹਦੇ ਮਗਰ ਲੱਗਕੇ। ਮੈਂ ਤਾਂ ਸਾਂਢੂ ਨੂੰ ਕਦੀ ਬੁਲਾਇਆ ਨਹੀਂ ਤੂੰ ਇਹਦੇ ਮਗਰ ਲੱਗਕੇ ਜੀਜਾ-ਸਾਲੀ ਸੂਟ ਪੜਵਾਉਣ ਨੂੰ ਫਿਰਦੀ ਐਂ ਉਹ ਤਾਂ ਪਹਿਲਾਂ ਹੀ ਡੰਗ ਮਾਰਨ ਨੂੰ ਫਿਰਦੇ ਸਿੱਧੀ ਹੋਕੇ ਘਰ ਨੂੰ ਚੱਲ।

ਕਹਿੰਦੇ ਕਹਾਉਂਦੇ ਤੋਂ ਫਿਰ ਇਕ ਦੋ ਸੂਟ ਲੈ ਆਈ,ਜਦ ਘਰੇ ਲਿਆਕੇ ਸਾਂਭਣ ਲੱਗੀ ਤਾਂ ਮੈਨੂੰ ਇੰਦਾਂ ਲੱਗਿਆ ਜਿਵੇਂ ਉਹਨੂੰ ਸੂਟ ਰੱਖਣ ਲਈ ਥਾਂ ਨਾਂ ਮਿਲਦਾ ਹੋਵੇ,ਐਵੇਂ ਲਿਫਾਫਾ ਚੁੱਕੀ ਫਿਰੇ,ਅਖੀਰੀ ਧੱਕੇ ਜਿਹੇ ਨਾਲ ਉਹਨੇ ਲਿਵਿੰਗ ਰੂਮ ਵਿਚ ਚੇਸਟਰਫੀਲਡ ਥੱਲੇ ਲਿਫਾਫਾ ਰੱਖ ਦਿੱਤਾ। ਮੈਂ ਸੋਚਿਆ ਚੱਲੋ ਕੱਲ ਨੂੰ ਸਾਂਭ ਲਊ ਆਪੇ ਥਾਂ ਟਿਕਾਣੇ ਰੱਖ ਦੇਊ।

ਬਾਕੀ ਪੰਨਾ 21 'ਤੇ


THINKING OF BUYING or SELLING

(RESIDENTIAL, COMMERCIAL, FARMS & INDUSTRIAL)

L/R

Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

Call

NIRMAL (NEIL) DHALIWAL

Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.


● ਮੈਂ ਆਪਣੀ ਪਤਨੀ ਤੋਂ ਤਲਾਕ ਚਾਹੁੰਦਾ ਹਾਂ, ਉਹ ਮੇਰੇ ਨਾਲ ਤਿੰਨ ਮਹੀਨਿਆਂ ਤੋਂ ਬੋਲੀ ਹੀ ਨਹੀਂ" ਇਕ ਮਿੱਤਰ ਨੇ ਦੂਜੇ ਨੂੰ ਕਿਹਾ।

"ਮੈਂ ਤੁਹਾਡੀ ਥਾਂ ਹੋਵਾਂ ਤਾਂ ਕਦੇ ਤਲਾਕ ਨਾ ਲਵਾਂ।"

"ਕਿਉਂ?"

"ਇਸ ਲਈ ਕਿ ਅਜਿਹੀਆਂ ਪਤਨੀਆਂ ਅਜਕਲ ਮਿਲਦੀਆਂ ਹੀ ਕਿਥੇ ਹਨ?" ਦੂਜੇ ਨੇ ਕਿਹਾ।

**ਖਤਰਨਾਕ**

● (ਡਾਕਟਰ ਨੂੰ) ਮੈਨੂੰ ਭੁਲ ਜਾਣ ਦੀ ਬਿਮਾਰੀ ਹੈ, ਕੀ ਇਹ ਖਤਰਨਾਕ ਹੋ ਸਕਦੀ ਹੈ?

ਡਾਕਟਰ: ਕਿਉਂ ਨਹੀਂ, ਜੇਕਰ ਤੁਸੀਂ ਸਾਹ ਲੈਣਾ ਭੁਲ ਗਏ ਤਾਂ ਮੌਤ ਹੋ ਸਕਦੀ ਹੈ।

# ਯੂਬਾ ਸਿਟੀ ਗਾਈਡ



GSB

**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ

---

## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **IndustriaL**
- **Exchanges**

REALTOR

**MLS**

**Domain Realty**

(916) 671-4817

Broker: Dr. Gulzar S. Johl
2086 Live Oak Blvd.
Suite C
Yuba City, CA 95991

---

Fly any Air Line of Your Choice

**Travel Concepts**

Full Service Travel Agency
Air Line Tickets to anywhere in the World

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures 5 minute service**





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋ ਤਾਂ ਹਰ
ਕਿਸ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

459 Palora Ave. Yuba City, CA 95901

(916) 671-3922

---

Large Selection of
Punjabi Books
For Sale

# SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੇਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ
ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
!ndia West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

# ਕੇਵਲ ਸਿੰਘ 'ਕੇਵਲ' ਦੀਆਂ ਪੰਜ .ਗ਼ਜ਼ਲਾਂ

## ਗ਼ਜ਼ਲ

ਸਮਝੇ ਸਾਂ ਬੜੀ ਦੂਰ ਨਿਕਲ ਗਏ ਵਹਿਣ ਸਮੇਂ ਵਿਚ ਰੁੜ੍ਹਕੇ
ਪਤਾ ਲੱਗਾ ਖੜੇ ਉਸੇ ਥਾਂ ਹਾਂ ਜਾਂ ਤਕਿਆ ਫਿਰ ਮੁੜਕੇ !

ਰਾਹਾਂ ਨੂੰ ਹੀ ਸਮਝ ਕੇ ਮੰਜ਼ਲ ਮਾਰ ਚੌਂਕੜਾ ਬਹਿ ਗਏ
ਸਭ ਪੈਰਾਂ ਨੂੰ ਤੁਰਨੋਂ ਡਕਿਆ ਕੰਡਿਆਂ ਵਾਂਗੂ ਪੁੜਕੇ !

ਕਿਲ ਇਲਮ ਦੇ ਨੈਣਾਂ ਵਿਚ ਅਸਾਂ ਹਰ ਹੀਲੇ ਹੀ ਖੋਭੇ
ਵਿਨਾਸ਼ ਦੇ ਰਾਹ ਤੇ ਅੰਨ੍ਹਾ ਹੋਇਆ ਤੁਰਦਾ ਜੋ ਰੁੜ੍ਹ ਖੜ੍ਹਕੇ !

ਅੰਨ੍ਹਾ ਹੱਥ ਵਿਚ ਦੀਵਾ ਫੜਕੇ ਕਿਵੇਂ ਸੁਜਾਖਾ ਹੋਵੇ
ਕਿਵੇਂ ਟਟੀਹਰੀ ਮੰਜ਼ਲ ਪਾਵੇ ਨਾਲ ਬਾਜ਼ਾਂ ਦੇ ਉੜ੍ਹਕੇ !

ਪੱਥਰਾਂ ਉਤੇ ਉਕਰ ਮੂਰਤਾਂ ਜੁੱਗਾਂ ਤੋਂ ਰਗੜੇ ਮੱਥੇ
ਅੱਜ ਵੀ ਸਾਡਾ ਉਹੀ ਚਾਲਾ ਚਾਰ ਬਹੀਏ ਜਿਥੇ ਜੁੜਕੇ !

ਗਿਆਨ ਦੇ ਦੀਵੇ ਥੱਲੇ ਅੱਜ ਵੀ ਪੂਰਾ ਘੁੱਪ ਹਨੇਰਾ
ਅਗਿਆਨ ਦੀਆਂ ਕੰਧਰਾਂ ਵਿਚ ਬੰਦਾ ਜਾਂਦਾ ਜੋ ਮੁੜ ਮੁੜ ਕੇ !

ਪਸ਼ੂ ਤੋਂ ਬੰਦਾ ਬਣਿਆ ਪਰ ਅੰਦਰੋਂ ਪਸ਼ੂ ਨਾ ਮਰਿਆ
ਬੰਦਾ ਤਾਂ ਹੀ ਬੰਦੇ ਨੂੰ ਖਾਵੇ ਲਾ ਲਾ ਗੂੜ੍ਹੇ ਤੁੜਕੇ !

ਇਨਸਾਨ ਬਣਾਉਣਾ ਕਰਮ ਧਰਮ ਦਾ ਪਰ ਇਹ ਪਸ਼ੂ ਬਣਾਵੇ
ਤਾਂ ਹੀ ਮਾਨਵ ਜੀਵੇਂ'ਕੇਵਲ'ਅਕਲੋਂ ਸ਼ਕਲੋਂ ਬੁੜ੍ਹਕੇ !

## ਗ਼ਜ਼ਲ

ਟਿਮਕਦੇ ਦੀਪ ਬੁੱਝ ਨਾਂ ਅਜੇ ਇਕ ਆਸ ਬਾਕੀ ਹੈ !
ਹੰਝੂ ਪੀਣ ਦੇ ਮੈਨੂੰ ਮੇਰੀ ਕੁਝ ਪਿਆਸ ਬਾਕੀ ਹੈ !

ਖੂਨ ਪਾ ਪਾ ਜਿਗਰ ਦਾ ਤੈਨੂੰ ਹੈ ਜਗਦਾ ਰਖਿਆ
ਦਮ ਤੋੜ ਨਾ ਅਜੇ ਅਖੀਰੀ ਸੁਆਸ ਬਾਕੀ ਹੈ !

ਤੇਰੀ ਆਸ ਤੇ ਬੇਆਸ ਵੀ ਮੈਂ ਆਸ ਰੱਖਦਾ ਹਾਂ
ਛੱਡੀਂ ਆਸ ਨਾ ਜਦ ਤੱਕ ਇਹ ਬੇਆਸ ਬਾਕੀ ਹੈ !

ਤੈਨੂੰ ਆਸਰਾ ਮੇਰਾ,ਮੈਨੂੰ ਧਰਵਾਸ ਕਿਸਦੀ ਹੈ
ਫਿਰ ਵੀ ਦੇਖ,ਮੇਰੇ ਨੈਣਾਂ ਵਿਚ ਧਰਵਾਸ ਬਾਕੀ ਹੈ

ਜਦ ਤੱਕ ਮੌਤ ਨਹੀਂ ਆਉਂਦੀ ਹੈ ਜੀਣਾ ਮਜ਼ਬੂਰੀ
ਮੇਰੀ ਮੌਤ ਵਿਚ ਵੀ ਜ਼ਿੰਦਗੀ ਦੀ ਰਾਸ ਬਾਕੀ ਹੈ !

ਜੁੱਗ ਤਾਂ ਸਾਰੇ ਇਕ ਹੀ ਬਿੰਦੂ ਉਦਾਲੇ ਭੌਂ ਗਏ
ਰਾਮ ਦਾ ਅਜੇ ਹੋਰ ਕਿੰਨਾ ਬਨਵਾਸ ਬਾਕੀ ਹੈ !

ਉਹ ਮਹਿਰਮ ਮੇਰਾ ਖੁਦਗਰਜ਼ 'ਕੇਵਲ'ਹੈ ਆਉਣਾ ਤੱਕਣਾ;
ਜਿਸਤੇ ਅਜੇ ਵੀ ਕੁਝ ਮੇਰਾ ਵਿਸ਼ਵਾਸ਼ ਬਾਕੀ ਹੈ !

## ਗ਼ਜ਼ਲ

ਤੋਹਮਤ ਤੇਰੀ ਤਾਂ ਸੱਜਣਾ ਇਲਜ਼ਾਮ ਤੱਕ ਨਾਂ ਪਹੁੰਚੀ !
ਅਧੂਰੀ ਮੇਰੀ ਕਹਾਣੀ ਅੰਜਾਮ ਤੱਕ ਨਾ ਪਹੁੰਚੀ !

ਨੈਣੀਂ ਤਲਾਸ਼ ਭਰਕੇ ਵਾਕਾਂ ਤੇ ਬਾਲ ਚੁੱਕੀ
ਹਰ ਰੋਜ਼ ਭਟਕੇ ਸੀਤਾ ਜੋ ਰਾਮ ਤੱਕ ਨਾ ਪਹੁੰਚੀ !

ਅੰਬਰ 'ਚ ਤਾਰਿਆਂ ਦੀ ਜੋਤੀ ਜਗਾਕੇ ਮੀਰਾ
ਹਰ ਸ਼ਾਮ ਜ਼ਹਿਰ ਪੀਵੇ ਪਰ ਸ਼ਾਮ ਤੱਕ ਨਾ ਪਹੁੰਚੀ !

ਦਾਜ ਦੀ ਚਿੰਤਾ ਤੇ ਹਰ ਰੋਜ਼ ਸੜਦੀ ਪਦਮਾ
ਪਰ ਅੱਜ ਤੱਕ ਚੀਕ ਉਹਦੀ ਕੋਹਰਾਮ ਤੱਕ ਨਾ ਪਹੁੰਚੀ !

ਮੂਕ ਤਮਾਸ਼ਾਈ ਬਣਕੇ ਜੂਨ ਭੋਗਦੇ ਹਾਂ
ਇਹ ਕੇਹੀ ਮੁਹੱਬਤ ਜੋ ਕਲਾਮ ਤੱਕ ਨਾ ਪਹੁੰਚੀ !

ਕਿਨੇ ਮਸੀਹਾ ਆਏ ਜੋ ਇਲਾਜ ਕਰਦੇ ਮੋਏ
ਇਨਸਾਨ ਦੀ ਬਿਮਾਰੀ ਆਰਾਮ ਤੱਕ ਨਾ ਪਹੁੰਚੀ !

ਮੈਂ ਬਦ ਨਹੀਂ ਹਾਂ 'ਕੇਵਲ'ਬਦਨਾਮ ਹੋ ਗਿਆ
ਝੁਕੀ ਮੇਰੀ ਗਰਦਨ ਪਰਨਾਮ ਤੱਕ ਨਾ ਪਹੁੰਚੀ !

## ਗ਼ਜ਼ਲ

ਸ਼ਾਮ ਢਲ ਗਈ ਤੇ ਰੌਸ਼ਨ ਚਰਾਗ਼ ਹੁੰਦੇ ਨੇ !
ਹਰ ਖੁਸ਼ੀ ਦੇ ਪਿੱਛੇ ਲਹੂ ਦੇ ਦਾਗ਼ ਹੁੰਦੇ ਨੇ !

ਉਮਰ ਭਰ ਬੰਦਾ ਜਿਨ੍ਹਾਂ ਦੀ ਜ਼ਹਿਰ ਪੀਂਦਾ ਹੈ
ਉਹ ਆਪਣੀ ਹੀ ਬੁੱਕਲ 'ਚ ਪਲੇ ਨਾਗ ਹੁੰਦੇ ਨੇ !

ਫੁੱਲ ਸਦਾ ਬਾਗਾਂ ਦੀ ਰੌਣਕ ਹੀ ਬਣਦੇ ਨੇ
ਹੱਡਾ ਰੋੜੀ 'ਚ ਤਾਂ ਕੁੱਤੇ ਗਿਰਝਾਂ ਕਾਂਗ ਹੁੰਦੇ ਨੇ !

ਫੁੱਲ ਤੇ ਕਲੀਆਂ ਕੀ ਕੰਡੇ ਵੀ ਸਾਖੀ ਭਰਦੇ ਨੇ
ਬਹਾਰ ਆਈ ਤੇ ਵੀ ਕੀਕੂੰ ਵੀਰਾਨੇ ਬਾਗ ਹੁੰਦੇ ਨੇ!

ਜਿਹੜੇ ਤਨ ਨੂੰ ਲਗਦੀ ਹੈ ਇਹ ਉਹੀ ਜਾਣ ਸਕਦਾ ਹੈ
ਐਵੇਂ ਕਿਸੇ ਤੋਂ ਕਦ ਜਗਰਾਤੇ ਝਾਗ ਹੁੰਦੇ ਨੇ !

ਕਿਸੇ ਦੀ ਕਬਰ ਤੇ ਜੋ ਵਿਚ ਖੁਸ਼ੀ ਦੇ ਗਾਏ ਜਾਂਦੇ ਨੇ
ਤੁਸੀਂ ਆਪ ਹੀ ਸੋਚੋ ਉਹ ਕੇਹੇ ਰਾਗ ਹੁੰਦੇ ਨੇ !

ਕਲਾ ਜੀਵਨ ਦੀ ਜੋ ਸੰਪੂਰਨ ਕਰਕੇ ਜੀਉਂਦੇ ਨੇ
ਜ਼ਮਾਨੇ ਦੇ ਦੁੱਖ ਸੁੱਖ ਤੋਂ 'ਕੇਵਲ'ਬੇਲਾਗ ਹੁੰਦੇ ਨੇ !

## ਗ਼ਜ਼ਲ

ਤੰਦ ਟੁੱਟੀ ਗੰਢ ਹੋ ਜਾਊ ਤਾਣੀਆਂ ਦਾ ਕੀ ਬਣੂ
ਚਾਟੀਆਂ ਜਦ ਤਿੜਕੀਆਂ ਮਧਾਣੀਆਂ ਦਾ ਕੀ ਬਣੂ

ਸਤਲੁਜ ਦੇ ਕੰਢੇ ਵਿਲਕਦੇ ਜਮਨਾ ਵਿਚਾਰੀ ਰੋ ਰਹੀ
ਸੋਚਦੇ ਨੇ ਹੁਣ ਸਾਡੇ ਪਾਣੀਆਂ ਦਾ ਕੀ ਬਣੂ !

ਰਾਮ ਮੁਹੰਮਦ ਸਿੰਘ ਕਦੇ ਸੀ ਸ਼ੇਰ ਬਣਕੇ ਬੁਕਿਆ
ਰਾਮ ਮੁਹੰਮਦ ਸਿੰਘਾਂ ਦੀਆਂ ਢਾਣੀਆਂ ਦਾ ਕੀ ਬਣੂ!

ਕਬੀਰ ਤੇ ਫਰੀਦ ਜਦ ਅਰਜਣ ਤੋਂ ਵੱਖਰੇ ਹੋ ਗਏ
ਫਿਰ ਇਨ੍ਹਾਂ ਦੀਆਂ ਅਤਿ ਪਵਿੱਤਰ ਬਾਣੀਆਂ ਦਾ ਕੀ ਬਣੂ !

ਹਾਣੀ ਜਿਨ੍ਹਾਂ ਦੇ ਗੋਲੀਆਂ ਟਾਇਰਾਂ ਹਵਾਲੇ ਹੋ ਗਏ
ਮਰ ਮਰ ਕੇ ਜਿਉਂਦੀਆਂ ਮਰ ਜਾਣੀਆਂ ਦਾ ਕੀ ਬਣੂ !

ਰਾਵੀ ਬਿਆਸਾ ਝਗੜਦੇ ਬ੍ਰਹਮਾ ਤੋਂ ਗੰਗਾ ਰੁਸ ਗਈ
ਹਾਏ,ਮੇਰੇ ਦੇਸ਼ ਦੇ ਪ੍ਰਾਣੀਆਂ ਦਾ ਕੀ ਬਣੂ !

ਜੇ ਦਿਨਾਂ ਵਿਚ ਹੋਰ 'ਕੇਵਲ'ਲਕੀਰਾਂ ਪੈ ਗਈਆਂ
ਰਲਕੇ ਗਾਈਆਂ ਸਿਠਣੀਆਂ ਅਲ੍ਹਾਹਣੀਆਂ ਦਾ ਕੀ ਬਣੂ !

# ਤੇਰੀ ਕਹਾਣੀ

ਕੁਲਵੰਤ ਢੱਲਾ

ਕਹਾਣੀ ਹੈ ਤੇਰੀ ਤੇ ਮੇਰੀ ਜ਼ਬਾਨੀ
ਮੈਂ ਤਾਂ ਤੈਨੂੰ ਸੁਣਾਉਂਦਾ ਪਿਆ ਹਾਂ
ਇਹ ਦਰਪਣ ਵੀ ਤੇਰਾ ਤੇ ਚਿਹਰਾ ਵੀ ਤੇਰਾਂ
ਮੈਂ ਤਾਂ ਤੈਨੂੰ ਵਿਖਾਉਂਦਾ ਪਿਆ ਹਾਂ ।
ਤੇਰੀ ਕਹਾਣੀ ਪੁਰਾਣੀ ਨਹੀਂ ਹੈ
ਮੁਸ਼ਕਲ ਹੈ ਇਹ ਹੋ ਤੂੰ ਜਾਣੀ ਨਹੀਂ ਹੈ
ਆਪਣੀ ਕਹਾਣੀ ਜੇ ਤੂੰ ਜਾਣ ਲੈਂਦਾ
ਤਾਂ ਰਸਮਾਂ ਦੇ ਚੱਕਰ 'ਚ ਕਾਹਨੂੰ ਤੂੰ ਪੈਂਦਾ
ਹਿੰਦੂ ਤੇ ਮੁਸਲਮ ਇਕੋ ਨੂਰ ਦਿੱਸਦੇ
ਇਹ ਮੰਦਰਾਂ ਮਸੀਤਾਂ 'ਚ ਝਗੜੇ ਨੇ ਕਿਸਦੇ
ਚਲੋ ਕੋਈ ਗੱਲ ਨਹੀਂ ਜੋ ਹੋਇਆ ਸੋ ਹੋਇਆ
ਤੂੰ ਮਾਰ ਦਿਲ ਦਾ ਰਾਵਣ
ਜੋ ਅੱਜ ਤੱਕ ਨਹੀਂ ਮੋਇਆ
ਤੇਰੇ ਮਨ ਅੰਦਰ ਇਕ ਰਾਮ ਵੀ ਬੈਠਾ
ਮੈਂ ਤਾਂ ਤੈਨੂੰ ਮਿਲਾਉਂਦਾ ਪਿਆ ਹਾਂ

ਗੁਰੂ ਨਾਨਕ ਜੇ ਆਏ
ਤਾਂ ਤੇਰੇ ਲਈ ਆਏ
ਅੱਜ ਉਹਦੇ ਹੀ ਬੰਦੇ
ਕਿਉਂ ਲਗਦੇ ਪਰਾਏ
ਭਰਾਵਾਂ ਭਰਾਵਾਂ 'ਚ
ਇਹ ਕੀ ਹੋ ਰਿਹਾ ਏ
ਇਕ ਕਿਉਂ ਦੂਜੇ ਦੇ
ਦੂਜੇ ਦੇ ਜ਼ਖਮ ਟੋਹ ਰਿਹਾ ਏ
ਤੇਰਾ ਗੁਰੂ ਨਾਨਕ
ਕੀ ਇਹ ਸਭ ਜਰ ਸਕੇਗਾ
ਹਰਿਮੰਦਰ ਕਿਸੇ ਲਈ
ਕੀ ਬੰਦ ਕਰ ਸਕੇਗਾ
ਚਾਨਣ ਦੇ ਹੁੰਦਿਆਂ
ਜੇ ਹਨੇਰਾ ਸੀ ਰਹਿਣਾ
ਤਾਂ ਤੂੰ ਹੈਂ ਸੱਚਾ
ਮੈਂ ਤੈਨੂੰ ਕੀ ਕਹਿਣਾ
ਤੁਸੀਂ ਇਕੋ ਹੀ ਮਾਲਾ ਦੇ ਮਣਕੇ ਹੋ ਸਾਰੇ
ਮੈਂ ਤਾਂ ਬੱਸ ਰਲਾਉਂਦਾ ਪਿਆ ਹਾਂ ।
ਤੂੰ ਤਾਂ ਧਰਮ ਦੀ ਰਾਖੀ ਸੀ ਕਰਨੀ
ਡਰਦੇ ਹੋਏ ਦੀ ਬਾਂਹ ਸੀ ਫੜਨੀ
ਜਦ ਸੀ ਮੀਰੀ ਤੇ ਪੀਰੀ ਮਿਲਾਈ
ਤੇਰੇ ਤੋਂ ਕਿਹੜੀ ਸੀ ਬਰਕਤ ਲੁਕਾਈ
ਅੱਜ ਪਿਆਰਾਂ ਦੀ ਥਾਂ ਤੇ ਡਰ ਵੰਡ ਰਿਹਾ ਏਂ
ਸਤਿਗੁਰ ਦੀ ਬਰਕਤ ਨੂੰ ਕਿਉਂ ਭੰਡ ਰਿਹਾ ਏਂ
ਬੰਦੀ ਛੋੜ ਗੁਰੂ ਦੇ ਸਿਤਾਰੇ
ਕਿਦਾਂ ਦੇ ਹੋਏ ਨੇ ਤੇਰੇ ਕਾਰੇ
ਕੇਸਰੀ ਬਾਣਾ ਜੋ ਤੈਨੂੰ ਪਿਆ ਹੈ
ਸੰਤੋਖ ਇਹਦੇ ਰੰਗ ਵਿਚ ਤੇ ਤੰਦ ਤੰਦ ਦਿਯਾ ਹੈ
ਇਹ ਤੇਰੇ ਦਿਯਾ ਜੋ ਤੈਥੋਂ ਹੈ ਵਿਛੜੀ
ਮੈਂ ਤਾਂ ਤੈਨੂੰ ਫੜਾਉਂਦਾ ਪਿਆ ਹਾਂ ।
ਸੰਗਤ ਤੇ ਪੰਗਤ ਕੀ ਸਭ ਭੁਲ ਗਈ ਏ
ਤੇਰੇ 'ਚੋਂ ਨਫਰਤ ਦੀ ਅੱਗ ਡੁੱਲ੍ਹ ਰਹੀ ਏ
ਤੈਨੂੰ ਤਾਂ ਸਭ ਦਾ ਸੀ ਸਾਂਝਾ ਬਣਾਇਆ
ਕੀ ਇਸਦਾ ਕਦੀ ਚੇਤਾ ਵੀ ਆਇਆ
ਪੜ੍ਹਾਈ 'ਚ ਦਸ ਕੋਈ ਕਸਰ ਰਹਿ ਗਈ ਏ
ਤੱਤੀ ਤਵੀ ਸੜ ਸੜ ਕਹਿ ਰਹੀ ਏ
ਕੋਈ ਸੇਕ ਨਾਲ ਥੋੜ੍ਹਾ ਗੁਰੂ ਦੇਗੀਂ ਪਏ ਸੀ
ਤੇਰੇ 'ਚੋਂ ਕਾਲਖ ਉਹ ਕੱਢ ਰਹੇ ਸੀ
ਕੱਢੀ ਹੋਈ ਕਾਲਖ ਵੱਲ ਫਿਰ ਜਾ ਰਿਹਾ ਏਂ
ਸੱਜਣ ਤੂੰ ਧੋਖਾ ਕਿਉਂ ਖਾ ਰਿਹਾ ਏਂ
ਗੁੱਸੇ 'ਚ ਆਇਆਂ ਕੁਝ ਵੀ ਨਹੀਂ ਬਣਨਾ
ਕਿਉਂ ਤੂੰ ਆਪਾ ਬੜਾਉਂਦਾ ਪਿਆ ਆਂ ।
ਤੇਰੀ ਚਾਦਰ ਤਾਂ ਸੀ ਹਿੰਦ ਦੀ ਚਾਦਰ
ਕਹਿੰਦੇ ਪਏ ਗੁਰੂ ਤੇਗ ਬਹਾਦਰ
ਜੰਜੂਆਂ ਤੇ ਤਿਲਕਾਂ ਦੇ ਰਖਵਾਲੇ
ਇਨ੍ਹਾਂ ਨੂੰ ਕੀਤਾ ਈ ਕੀਹਦੇ ਹਵਾਲੇ
ਪਾਟਾ ਬਦਾਵਾ ਕਿਉਂ ਜੋੜ ਰਿਹਾ ਏਂ
ਦਸ ਕਿਹੜੀ ਭਾਜੀ ਮੋੜ ਰਿਹਾ ਏ
ਗੁਰੂ ਗਰੰਥ ਸਾਹਿਬ 'ਚ ਜੇ ਮੋਨੇ ਲਈ ਥਾਂ ਹੈ
ਤਾਂ ਤੇਰੀ ਧਰਤੀ ਤੇ ਕਿਉਂ ਉਹਨੂੰ ਨਾਂਹ ਹੈ
ਹੈ ਕਲਗੀਧਰ ਦੀ ਜੋਤ ਤੇਰੇ ਵਿਚ
ਤੈਥੋਂ ਮੈਂ ਜੋਤ ਜਗਾਉਂਦਾ ਪਿਆ ਹਾਂ ।

ਪੰਨਾ 19 ਦੀ ਬਾਕੀ

ਤੇ ਫੇਰ ਦੂਜੇ ਚੌਥੇ ਦਿਨ ਮੈਨੂੰ ਬੈਡ ਦੇ ਥੱਲਿਉਂ ਇਕ ਲਾਲ ਟਾਕੀ ਜਿਹੀ ਬਾਹਰ ਨਿੱਕਲੀ ਦਿਸੇ ਜਦ ਮੈਂ ਝੁਕਕੇ ਲੰਮਾ ਪੈ ਕੇ ਬੈਡ ਦੇ ਥੱਲੇ ਨੂੰ ਝਾਤੀ ਮਾਰੀ ਤਾਂ ਹੇ ਮੇਰੇ ਮਾਲਕਾ ! ਸਾਰਾ ਬੈਡ ਥੱਲਿਉਂ ਸੂਟਾਂ ਨਾਲ ਹੀ ਭਰਿਆ ਪਿਆ ਸੀ । ਮੈਂ ਦੇਖਕੇ ਹੈਰਾਨ ਰਹਿ ਗਿਆ,ਪਰ ਮੈਂ ਚੁੱਪ ਰਿਹਾ ਅਤੇ ਘਰ ਵਾਲੀ ਤੋਂ ਚੋਰੀ-ਚੋਰੀ ਅੰਦਰ-ਖਾਤੇ ਸਾਰੇ ਡਰੈਸਰਾਂ ਦੇ ਕਵਰਡ,ਲਿਵਿੰਗ ਰੂਮ ਵਿਚ ਸੋਫਿਆਂ ਦੇ ਥੱਲੇ ਅਤੇ ਬਾਕੀ ਰੂਮਾਂ ਵਾਲੇ ਬੈਡਾਂ ਦੇ ਥੱਲੇ ਕੋਡੇ ਹੋਕੇ ਨਿਗ੍ਹਾ ਮਾਰੀ ਤਾਂ ਰੰਗ-ਬਰੰਗੇ ਜੀਜਾ-ਸਾਲੀ,ਨੂੰਹ-ਸੱਸ ਜਿਹੜੇ ਵੀ ਮਾਰਕੇ ਉਹ ਵੇਚਣ ਆਉਂਦੇ ਸਨ ਸਭ ਘਰੇ ਬਿਰਾਜਮਾਨ ਸਨ ।

ਮਨ 'ਚ ਕਈ ਉਤਰਾਅ ਚੜ੍ਹਾਅ ਆਏ ਕਿ ਬੈਂਕ ਬੈਲੈਂਸ ਉਥੇ ਦਾ ਉਥੇ ਹੀ ਕਿਉਂ ਖੜ੍ਹਾ ਹੈ-ਫੇਰ ਸੋਚਿਆ ਜੇ ਉਧਰ ਉਥੇ ਖੜ੍ਹਾ ਹੈ ਤਾਂ ਇਧਰਲੀ ਬੈਡਾਂ ਥੱਲੇ ਦੀ ਨਕਦੀ ਉਤਾਂਹ ਹੀ ਉਤਾਂਹ ਚੜ੍ਹਦੀ ਜਾਂਦੀ ਹੈ ।

ਹੋਰ ਵਾਈ ਤਿੰਨ ਹਫਤੇ ਲੰਘਗੇ ਇਕ ਦਿਨ ਫਿਰ ਵੀਕਇੰਡ ਸੈਚਰਡੇ ਮੌਰਨਿੰਗ ਮਸਾਂ ਅੱਠ ਕੁ ਵੱਜੇ ਹੋਣਗੇ ਮੈਂ ਫਰਾਈਡੇ ਨਾਈਟ ਸ਼ਿਫਟ ਤੋਂ ਆਕੇ ਸੁੱਤਾ ਹੋਇਆ ਸੀ । ਟੈਲੀਫੋਨ ਦੀ ਘੰਟੀ ਖੜਕੀ,ਬੈਡ ਦੇ ਮੇਰੇ ਵਾਲੇ ਪਾਸੇ ਫੋਨ ਹੋਣ ਕਰਕੇ ਮੈਂ ਪਹਿਲੀ ਰਿੰਗ ਨਾਲ ਫੋਨ ਚੁੱਕਿਆ ਅਤੇ ਹੈਲੋ ਕਿਹਾ ।

ਮੇਰੇ ਹੈਲੋ ਕਹਿਣ ਤੋਂ ਬਾਦ ਜਿਵੇਂ ਟੇਪ ਲੱਗ ਗਈ ਹੋਵੇ ਦੂਜੇ ਪਾਸਿਉਂ ਬੋਲਣਾ ਸ਼ੁਰੂ ਹੋ ਗਿਆ ।

ਅਸੀਂ ਜੀ ——ਵੈਨਕੂਵਰੋਂ ਕੱਪੜਾ ਲੈ ਕੇ ਆਏ ਹਾਂ । ਇਥੇ ਆਪਣੇ ਭਾਈਆਂ,ਟੈਕਸੀਆਂ ਵਾਲਿਆਂ ਦੇ ਮੋਟਲ ਵਿਚ ਹੀ ਕਮਰਾ ਨੰਬਰ -10- ਵਿਚ ਠਹਿਰੇ ਹੋਏ ਹਾਂ । ਆਓ ਅਤੇ ਸਸਤੇ ਭਾਅ ਦਾ ਫਾਇਦਾ ਉਠਾਓ । ਅਸੀਂ ਦੋ ਹਫਤੇ ਹੋਏ ਪਹਿਲਾਂ ਵੀ ਆਏ ਸੀ,ਅਗਾਂਹ ਤੋਂ ਹੁਣ ਅਸੀਂ ਪਰਿੰਸ ਰੂਪਰਟ,ਟੈਰੇਸ,ਕਿਟੀਮੇਟ ਤੋਂ ਗੇੜਾ ਲਾਕੇ ਆਏ ਹਾਂ । ਅੱਛਾ ਭਾਅ ਜੀ ਜ਼ਰਾ ਭੈਣ ਜੀ ਹੋਰਾਂ ਨੂੰ ਫੋਨ ਫੜਾਇਓ ।

ਮੈਂ ਪਹਿਲਾਂ ਤਾਂ ਚੁੱਪ ਕਰਕੇ ਸੁਣਦਾ ਰਿਹਾ ਜਦ ਉਹ ਨੇ ਆਵਦੀ ਭੈਣ ਜੀ ਨਾਲ (ਜਿਹਦੇ ਕੋਲ ਉਹਨੂੰ ਦੋ ਸੂਟ ਵਿਕਣ ਦੀ ਝਾਕ ਸੀ) ਗੱਲ ਕਰਨੀ ਚਾਹੀ ਤਾਂ ਮੈਥੋਂ ਵੀ ਰਿਹਾ ਨਾ ਗਿਆ ।

ਆਵਦੀ ਭੈਣ ਜੀ ਨਾਲ ਗੱਲ ਫਿਰ ਕਰੀਂ,ਪਹਿਲਾਂ ਭਣੋਈਏ ਨਾਲ ਗੱਲ ਸਿਰੇ ਲਾ ਲੈ ! ਵੱਡੇ ਆਏ ਐ ਕੱਪੜਾ ਵੇਚਣ ਦੇ ਉਹੋ ਪੁਰਾਣਾ ਪਿੰਡ ਵਾਲਾ ਹਾਲ ਸੋਡਾ,ਉਥੇ ਸੋਡਾ ਬੁੜ੍ਹਾ ਗੁਰਾਂਦਿਤਾ ਚੰਨੂਆਲੇ ਤੋਂ ਸੈਕਲ ਤੇ ਡੱਗੀ ਲਾਕੇ ਸਾਡੇ ਪਿੰਡ ਕੱਪੜਾ ਵੇਚਣ ਆਉਂਦਾ ਹੁੰਦਾ ਸੀ,ਉਹ ਘਾਟਾ ਥੋੜੋ ਪਾਉਣ ਆਉਂਦਾ ਸੀ,ਉਹਦੀ ਡੱਗੀ ਨੇ ਸਾਰਾ ਪਿੰਡ ਲੁੱਟ ਕੇ ਖਾ ਲਿਆ ਸੀ ਸੈਕਲ ਤੇ ਐਡੀ ਭਾਰੀ ਡੱਗੀ ਲਾਈ ਹੁੰਦੀ ਸੀ ਥੱਲੇ ਸੈਕਲ ਦਾ ਕੱਟੀ-ਉਡਾਟ ਨਿੱਕਲਦਾ ਹੁੰਦਾ ਸੀ । ਜੇ ਕਿਸੇ ਨੂੰ ਕਹਿਣਾ ਗੁਰਾਂਦਿਤਿਆ ਤੇਰੀ ਟਾਇਰ ਵਿਚ ਹਵਾ ਘੱਟ ਐ ਤਾਂ ਅੱਗੋਂ ਸੋਡੇ ਬੁੜ੍ਹੇ ਨੇ ਕਹਿਣਾ— "ਗਿਆਰਾਂ ਸੌ ਵੀਹ ਦੇ ਟਾਇਰ ਗੱਡੀ ਟਾਟਾ ਦੀ "ਆਥਣ ਨੂੰ ਸਾਡੇ ਪਿੰਡੋਂ ਸੈਕਲ ਖਾਲੀ ਕਰਕੇ ਆਵਦੇ ਪਿੰਡ ਨੂੰ ਮੁੜਦਾ ਸੀ ।

ਫਰਕ ਸਿਰਫ ਹੁਣ ਇਨਾ ਹੀ ਹੈ ਤੇਰੇ ਕੋਲ ਸੈਕਲ ਦੀ ਬਜਾਏ ਵੈਨ ਹੈ,ਪਿੰਡਾਂ ਦੀ ਬਜਾਏ ਇਥੇ ਸ਼ਹਿਰ ਹਨ ਪਰ ਗੱਲ ਉਹੋ ਹੀ ਹੈ ।

ਖਬਰਦਾਰ ! ਜੇ ਮੇਰੇ ਘਰ ਕਦੀ ਫੋਨ ਕੀਤਾ ਤਾਂ ਮੈਥੋਂ ਬੁਰਾ ਕੋਈ ਨਹੀਂ । ਆਹੋ,ਚੱਕੇ ਵੱਡੇ ਇਹ ਕੱਪੜੇ——ਅਜੇ ਅਗਾਂਹ ਪਤਾ ਨਹੀਂ ਮੇਰੇ ਮੂੰਹੋਂ ਕੀ ਕੁੱਝ ਅੱਕੇ ਹੋਏ ਦਿਉਂ ਨਿੱਕਲਦਾ ਪਰ ਉਹਨੇ ਅੱਗਿਉਂ ਟੈਲੀਫੋਨ ਰੱਖ ਦਿੱਤਾ ।

ਮੈਂ ਇਹ ਸੋਚਕੇ ਖੁਸ਼ ਹੋਇਆ ਕਿ ਚਲੋ ਐਤਕੀਂ ਦੇ ਗੇੜੇ ਤਾਂ ਮਗਰੋਂ ਬਲਾਅ ਲੱਥੀ ਅੱਗੇ ਨੂੰ ਫਿਰ ਦੇਖੀ ਜਾਊ । ਸ਼ਾਇਦ ਉਹ ਸਾਡੇ ਟਾਊਨ ਵਾਲੀ ਜਿਹੜੀ ਟੈਲੀਫੋਨ ਡਾਇਰੈਕਟਰੀ ਆਵਦੇ ਕੋਲ ਰੱਖਦੇ ਹਨ । ਉਸ ਵਿਚ ਮੇਰੇ ਨਾਂ ਤੇ ਲਾਲ ਨਿਸ਼ਾਨੀ ਲਾ ਲੈਣ ਕਿ ਇਥੋਂ ਖਤਰਾ ਹੈ ਤਾਂ ਫਿਰ ਬਲਾਅ ਸਦਾ ਲਈ ਹੀ ਟਲ ਜਾਵੇਗੀ ।

# ਕੈਲੇਫੋਰਨੀਆ ਗਾਈਡ


ਫਰੇਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼ਰੀਦੋ

Ph. (209) 456-9491

INDICA IMPORTS — 4925 E. King Canyon Road, FRESNO, CA.

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

LONDON FASHIONS

1494 E. Bridge St., YUBA CITY CA. Ph. (916) 673-6634

PETE ELLIS DODGE

ਕਾਰਾਂ, ਵੈਨਾਂ, ਪਿਕ ਅੱਪ ਖ਼ਰੀਦਣ ਲਈ

ਫ਼ੋਨ ਕਰੋ :—

ਜੱਸੀ ਗਰੇਵਾਲ

(408) 738-0400

Credit or no Credit

CALL:

Jessie Grewal

2 to 5% over Dealer Cost

Pete Ellis Dodge





1095, West El Camino Real

SUNNYVALE, CALIFORNIA 94087


## ਹੁਣ ਨਹੀਂ ਫੇਰ ਕਦੇ

□ ਨਿਰਮਲਦੱਤ

ਹੁਣ ਨਹੀਂ ਫੇਰ ਕਦੇ ਬੈਠਾਂਗੇ
ਪਿੰਡ ਦੀ ਜੂਹ ਤੋਂ ਪਰ੍ਹਾਂ
ਬੇਰੀਆਂ ਦੇ ਝੁੰਡ ਅੰਦਰ,
ਹੁਣ ਨਹੀਂ ਫੇਰ ਕਦੇ ਵੇਖਾਂਗੇ
ਸਰ੍ਹੋਂ ਦੇ ਖੇਤਾਂ 'ਚ
ਢਲ ਕੇ ਸ਼ਾਮ ਉਤਰਦਾ ਸੂਰਜ,
ਹੁਣ ਨਹੀਂ ਫੇਰ ਕਦੇ ਮਾਣਾਂਗੇ
ਨੱਚਦਿਆਂ ਮੋਰਾਂ 'ਤੇ
ਵਰ੍ਹਦੀ ਹੋਈ ਬਦਲੀ ਦਾ ਸਵਾਦ,
ਹੁਣ ਨਹੀਂ ਫੇਰ ਕਦੇ
ਜਾਗ ਜਾਗ ਰਾਤਾਂ ਨੂੰ
ਤਾਰਿਆਂ ਦੀ ਬਰਾਤ ਵੇਖਾਂਗੇ;
ਹੁਣ ਤਾਂ ਓਹ ਵੇਖ
ਜਿਵੇਂ ਖੁਸ਼ੀਆਂ ਦੀ ਸਮਾਧ ਹੈ
ਜਿਸ ਤਰ੍ਹਾਂ ਪਿੰਡ ਬਣੇ ਨੇ ਕਬਰਾਂ
ਜਲਾਇਆਂ ਮੁਰਦਿਆਂ ਦੀ
ਬਾਸ ਹੈ ਹਵਾ ਅੰਦਰ,
ਹੁਣ ਤਾਂ ਉਹ ਵੇਖ
ਜਿਵੇਂ ਦੋਸਤਾਂ ਦੇ ਹੱਥਾਂ 'ਤੇ
ਤਾਜ਼ਾ ਨੇ
ਦੋਸਤੀ ਦੇ ਖੂਨ ਦੇ ਦਾਗ;
ਹੁਣ ਨਹੀਂ ਵਕਤ
ਤੇਰੇ ਨੈਣਾਂ 'ਚੋਂ ਡੱਲ੍ਹਾਂ ਮਸਤੀ;
ਇਹ ਤੇਰਾ ਹੁਸਨ,
ਤੇਰਾ ਪਿਆਰ,
ਤੇਰਾ ਸਾਥ,
ਹੁਣ ਨਹੀਂ
ਫੇਰ ਕਦੇ, ਫੇਰ ਕਦੇ, ਫੇਰ ਕਦੇ!






ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ

ਜਦੋਂ ਵੀ ਕਾਰ, ਪਿਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼ਰੀਦਣ ਦਾ ਬਹੁਤ ਚੰਗਾ ਪ੍ਰਬੰਧ ਹੈ।

ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ

SAVE

ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !



MORE

R & K AUTO SALES

444 Colusa Hwy. YUBA CITY — CAL. Ph. (916) 674-8680

KANG UP HOLSTERY

CUSTOM UPHOLSTERING

UPHOLSTERY FURNITURE MADE TO ORDER

Estimates Submitted/Pick-up & Delivery

Ph. (916) 673-6594 or 674-2500

Res: (916) 673-3387



ਸਵਰਨ ਸਿੰਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

632 N. WALTON, ROAD, YUBA CITY, CA.

# ਅੰਤਰਿ ਗੁਰੂ ਆਰਾਧਣਾ
## (ਕਵਿਤਾਵਾਂ)

ਸ਼ਾਇਰ : ਜਸਪਾਲ ਸਿੰਘ 'ਸੁਸ'
ਪ੍ਰਕਾਸ਼ਕ : ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ।
ਪੰਨੇ : 65 ਮੁੱਲ : 20 ਰੁਪਏ

ਕੋਈ ਵੀ ਕੌਮ ਆਪਣੇ ਅਤੀਤ, ਵਿਰਸੇ ਨੂੰ ਵਿਸਾਰ ਕੇ ਜੀਉਂਦਾ ਨਹੀਂ ਰਹਿ ਸਕਦੀ। ਉਸ ਦੀਆਂ ਕਦਰਾਂ-ਕੀਮਤਾਂ, ਸੰਘਰਸ਼, ਇਤਿਹਾਸ ਉਸ ਦੀਆਂ ਪ੍ਰਾਪਤੀਆਂ, ਵਿਸ਼ੇਸ਼ਤਾਈਆਂ ਨੂੰ ਸਮੋਈ ਬੈਠਾ ਹੁੰਦਾ ਹੈ। ਕੋਈ ਉਸ ਦੀ ਭਾਸ਼ਾ ਦੀ ਸਾਹਿਤਕ ਕ੍ਰਿਤ ਵੀ ਅਤੀਤ, ਵਿਰਸੇ ਨੂੰ ਮਨਫੀ ਕਰ ਕੇ ਸਦੀਵੀ ਨਹੀਂ ਹੋ ਸਕਦੀ। ਇਸ ਸੰਦਰਭ ਵਿਚ ਇਤਿਹਾਸਕ ਪਰਿਪੇਖ ਦੀ ਆਪਣੀ ਮਹੱਤਤਾ ਹੁੰਦੀ ਹੈ। ਪੰਜਾਬੀ ਵਿਰਸਾ ਧਰਮ ਤੇ ਇਤਿਹਾਸ ਦਾ ਅਜਿਹਾ ਲਾਸਾਨੀ, ਗੌਰਵਮਈ ਵਿਰਸਾ ਹੈ ਜੋ ਪੰਜਾਬੀ ਸਭਿਆਚਾਰ, ਸੁਭਾਅ ਦਾ ਅਹਿਮ ਅੰਗ ਹੈ, ਸਾਹਿਤ ਵਿਚ ਇਸ ਦੀ ਅਭੀਵਿਅਕਤੀ ਲਾਜ਼ਮੀ ਹੈ। ਬੇਸ਼ਕ ਅਜਿਹੀ ਭਾਵੀ ਰਚਨਾ ਨੂੰ ਕੁਝ ਵਿਦਵਾਨ ਜ਼ਬਰਦਸਤੀ, ਪਿਛਾਂਹ ਖਿਚੂ ਸੰਕੀਰਣ ਧਾਰਨਾ ਵਾਲੀ ਮੰਨਦੇ ਹਨ, ਪਰ ਅਸਲੋਂ ਅਜਿਹਾ ਨਹੀਂ ਹੈ ਤੇ ਨਾ ਹੀ ਸਮਝਣਾ ਚਾਹੀਦਾ ਹੈ।

ਅਧਿਆਤਮਕ-ਕਾਵਿ ਤੋਂ ਇਲਾਵਾ, ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਕੁਰਬਾਨੀਆਂ, ਆਦਰਸ਼ਾਂ, ਸਿੱਖ ਅਨੁਯਾਈਆਂ ਦੀਆਂ ਸ਼ਹੀਦੀਆਂ, ਉਨ੍ਹਾਂ ਪਿਛੇ ਸਰਗਰਮ ਪ੍ਰੇਰਨਾਵਾਂ, ਸਿਖਿਆਵਾਂ ਪ੍ਰਸਤੁਤ ਕਰਦੇ ਪੰਜਾਬੀ ਕਾਵਿ ਦੀ ਆਪਣੀ ਇਕ ਪਰੰਪਰਾ ਹੈ। ਇਸ ਪਰੰਪਰਾ ਦੇ ਵਰਤਮਾਨ ਵਿਚ ਅਸਲੋਂ ਨਵਾਂ ਜੁੜਨ ਵਾਲਾ ਨਾਮ ਹੈ 'ਜਸਪਾਲ ਸਿੰਘ ਸੁਸ'। ਅੰਤਰਿ ਗੁਰੂ ਆਰਾਧਣਾ ਉਸ ਦਾ ਨਵਾਂ ਕਾਵਿ ਸੰਕਲਨ ਹੈ, ਜਿਸ ਵਿਚ ਉਸ ਨੇ ਗੁਰੂ ਸਾਹਿਬਾਨ, ਉਨ੍ਹਾਂ ਦੇ ਅਨੁਯਾਈਆਂ ਵਲੋਂ ਕੀਤੀਆਂ ਕੁਰਬਾਨੀਆਂ, ਸ਼ਹੀਦੀਆਂ ਦੀਆਂ ਇਤਿਹਾਸਕ ਘਟਨਾਵਾਂ ਨੂੰ ਕਾਵਿ-ਆਧਾਰ ਬਣਾਇਆ ਹੈ। ਮਾਤਰ ਇਨ੍ਹਾਂ ਘਟਨਾਵਾਂ ਦਾ ਜ਼ਿਕਰ, ਰੂਪਾਂਤਰਣ ਨਹੀਂ, ਸਗੋਂ ਇਨ੍ਹਾਂ ਪਿਛੇ ਕ੍ਰਿਆਸ਼ੀਲ ਕਾਰਨਾਂ ਅਤੇ ਪ੍ਰੇਰਨਾਵਾਂ ਨੂੰ ਵੀ ਅਭੀਵਿਅਕਤ ਕੀਤਾ ਹੈ :—

- ਉਸ ਸਾਜੇ ਪੰਜ ਪਿਆਰੇ ਸਨ
  ਉਸ ਡੁੱਬਦੇ ਬੇੜੇ ਤਾਰੇ ਸਨ।
- ਉਸ ਸਿੱਖੀ ਸਿਦਕ ਨਿਭਾ ਦਿਤਾ
  ਦੁਨੀਆਂ ਨੂੰ ਰਾਹ ਦਿਖਲਾ ਦਿਤਾ।
- 'ਸੁਸ' ਨਿਭਾਉਂਦੇ ਸਿਦਕ ਖਾਲਸੇ
  ਹੋ ਗਿਆ ਸ਼ਹੀਦ ਪਰ ਫਰਜ਼ ਨਿਭਾਇਆ। *

* ਬਾਰ-ਬਾਰ ਆ ਰਹੇ ਸ਼ਬਦ 'ਸਿਦਕ' 'ਫਰਜ਼' ਉਨ੍ਹਾਂ ਕੁਰਬਾਨੀਆਂ ਪਿਛੇ ਕ੍ਰਿਆਸ਼ੀਲ ਭਾਵ ਹਨ, ਇਹ ਕੁਰਬਾਨੀਆਂ ਆਪਸੀ ਭਾਈਚਾਰੇ ਦੀ ਬਣਤਰ, ਬਰਾਬਰੀ, ਮਾਨਵ ਕਲਿਆਣ, ਸੁਚੱਜੇ ਸੁਖੀ ਜੀਵਨ ਲਈ ਹਨ ਸਿਦਕ, ਸਬਰ, ਫਰਜ਼ ਇਨ੍ਹਾਂ ਕ੍ਰਿਆਸ਼ੀਲ ਤੱਤਾਂ ਪ੍ਰਤੀ ਪ੍ਰਤਿਬੱਧਤਾ ਦਾ ਧਾਰਨੀ ਹੈ। ਇਸ ਸੱਚ ਨੂੰ ਸੁਸ ਨੇ ਪਛਾਣਿਆ ਤੇ ਪੇਸ਼ ਕੀਤਾ ਹੈ। ਇਸੇ ਪਰੰਪਰਾ ਨੂੰ ਬਾਬਾ ਦੀਪ ਸਿੰਘ, ਮਤੀ ਦਾਸ, ਤਾਰੂ ਸਿੰਘ, ਬੰਦਾ ਬਹਾਦਰ, ਭਗਤ ਸਿੰਘ ਨੇ ਅੱਗੇ ਤੋਰਿਆ ਹੈ। ਇਹ ਸਾਡਾ ਗੌਰਵਮਈ ਇਤਿਹਾਸਕ ਵਿਰਸਾ ਮੌਜੂਦ ਦਰਪੇਸ਼ ਸੰਕਟਾਂ ਨੂੰ ਦੂਰ ਕਰਨ ਲਈ ਸਰਵੋਤਮ ਮਾਰਗ ਵੀ ਬਣਦਾ ਹੈ।

ਅਮਰੀਕਾ ਵਿਚ ਜੀਵਨ ਬਤੀਤ ਕਰਦਿਆਂ ਆਪਣੇ ਪੰਜਾਬੀ ਵਿਰਸੇ, ਗੌਰਵਮਈ ਇਤਿਹਾਸ ਨਾਲ ਸਾਂਝ ਗੁਰਮਤਿ ਦਰਸ਼ਨ ਦੀ ਸਜੀਵਤਾ, ਪਹੁੰਚ ਨੂੰ ਪਛਾਨਣਾ, ਸਮਝਣਾ ਤੇ ਕਵਿਤਾਉਣਾ ਜਸਪਾਲ ਸਿੰਘ ਸੁਸ ਲਈ ਪ੍ਰਾਪਤੀ ਦਾ ਕਾਰਨ ਬਣਦਾ ਹੈ।

—ਅਵਤਾਰ ਜੌੜਾ

ਪੰਨਾ 23 ਦੀ ਬਾਕੀ

ਵਰਗਾ ਹੋ ਗਿਆ।

ਵਿਦਵਾਨ ਤਾਂ ਵਿਜ਼ੀ ਹਨ ਹੀ ਵਿਦੂਸ਼ੀਆਂ ਵੀ ਕਿਸੇ ਕੋਲੋਂ ਘੱਟ ਨਹੀਂ ਉਤਰ ਕਾਟੋ ਮੈਂ ਚੜ੍ਹਾਂ ਵਾਲੀ ਗੱਲ ਹੀ ਸਮਝੋ। ਦੋ ਤਿੰਨ ਲੈਕਚਰਾਰ ਔਰਤਾਂ ਦਾ ਵਾਰਤਾਲਾਪ ਸੁਣੋ:

"ਹਾਇ, ਤੁਹਾਡਾ ਬਲਾਊਜ਼-ਹਾਓ ਸਵੀਟ-ਕਿੰਨਾ ਮੈਚਿੰਗ ਹੈ ਸਾੜ੍ਹੀ ਨਾਲ-ਮੈਂ ਤਾਂ ਸਾਰਾ ਬਾਜ਼ਾਰ ਗਾਹ ਆਈ ਮੈਚਿੰਗ ਬਲਾਊਜ਼ ਹੀ ਨਹੀਂ ਮਿਲਿਆ-ਹਾਰ ਕੇ ਅੱਜ ਅਹਿ ਪੁਰਾਣੀ ਸਾੜ੍ਹੀ ਹੀ ਬੰਨਣੀ ਪਈ-ਕਿੰਨੀ ਸ਼ਰਮ ਆ ਰਹੀ ਐ।"

"ਤੁਸੀਂ ਮੋਨੂ ਰਾਮ ਦੀ ਦੁਕਾਨ ਤੋਂ ਪਤਾ ਕਰਨਾ ਸੀ।"

"ਹਾਇ ਦਿਸ ਮੋਨੂ ਰਾਮ-ਇਹ ਤਾਂ ਮੈਨੂੰ ਖਿਆਲ ਹੀ ਨਹੀਂ ਰਿਹਾ ਤੇ ਉਹ ਲੈਕਚਰਾਰ ਝੱਟ ਛੁੱਟੀ ਲੈ ਕੇ ਮੋਨੂ ਰਾਮ ਦੀ ਦੁਕਾਨ ਵੱਲ ਦੌੜ ਗਈ।

"ਛੋਟੀ ਬੇਬੀ ਲਈ ਸਵੈਟਰ ਲਿਆਉਣਾ ਸੀ। ਇਹ ਬਲੂ ਫਿਲਮ ਲੈ ਆਏ ਬੱਸ ਉਹਦੇ 'ਚ ਹੀ ਉਲਝ ਗਏ। ਜਾ ਹੀ ਨਹੀਂ ਹੋਇਆ। ਉਂਜ ਇਹ ਬਲੂ ਫਿਲਮਾਂ ਹੋਣ ਮਜ਼ੇਦਾਰ...।"

"ਤੁਸੀਂ ਪੰਜਾਬ ਮਸਲੇ 'ਤੇ ਇਕ ਬਹੁਤ ਹੀ ਵਧੀਆ ਕਿਤਾਬ ਆਈ ਹੈ ਪੜ੍ਹੀ ਉਹ...?"

"ਕਿਥੇ ਮਿਸ਼ਿਜ਼ ਟਿੱਕੂ...ਹੋਰ ਈ ਕੰਮ ਨੀਂ ਮੁੱਕਦੇ...ਕਿਤਾਬਾਂ ਕਤੂਬਾਂ ਪੜ੍ਹਨ ਦੀ ਵਿਹਲ ਕਿੱਥੇ...।"

ਤੁਸੀਂ ਅਜੇ ਵੀ ਪੁੱਛੋਗੇ ਕਿ ਵਿਦਵਾਨ ਲੋਕ ਕੀ ਕਰਦੇ ਨੇ ਕਿਹਾ ਨਾ "ਵਿਜ਼ੀ ਰਹਿੰਦੇ ਨੇ।"

# The Nuclear Test Ban History

■ **1945 The first atomic explosion everdetoned,16** july,was a tst.It was used to develop the weapons which killed hundreds of thousands of people in Hiroshima and Nagasaki less than one month later.

■ 1958 US,UK and USSR began negotions on a test ban and agreed to suspend all tests and review the situation each year.

■ 1959 in December President Eisenhower ended US participation in the test ban process, declaring "We consider ourselves free to resume nuclear weapon testing."

■ 1960 France conducted its first nuclear test,then followed with three more.

■ 1961 USSR resumed testing after the test ban process broke down.

■ 1963 Partial Test Ban Treatly concluded by the US,USSR and UK banning tests in the atmosphere,under water and in outer space.The treatly committed the parties to "achieving the discontinuation of all test explosions of nuclear weapons for all time and to continue negotions to this end".

■ 1968 Treatly on the Non-Proliferation of nuclear weapons signed by the US,USSR and UK.Reaffirms the determination of all parties to seek an end to nuclear testing.

■ 1974 Threshold Test Ban Treatly signed by the US,USSR and UK restricting the Yield of explosions,about six Hiroshima Bombs. Unratified by the US.

■ 1976 The Peaceful Nuclear explosions treatly signed by the US,USSR and UK set the same limit for underground tests and arranged for information exchanges and on-site inspections.Unratified by the US.

■ 1977 Talks began between the US,USSR and UK with the aim to conclude a nuclear test ban.

■ 1980 After 12th round of talks in November,and after most points afreed,the newly elected Reagan administration ended US participation in the negotiations.

■ 1982 The US announced officially that it has no interest in resuming the talks,since a comprehensive test ban was only a distant goal.

■ 1985 In August USSR declared a Unilateral test ban to 1 January 1986.

■ 1986 USSR extended the unilateral test ban four times,to the end of the year.Reiterated calls on the US to join a test ban process.Made provisions for on-site verification of a ban.The US House of representatives voted for a suspension of US nuclear tests for one year.Support growing for a comprehensive test ban.

# SDI
## a source of SUPPER PROFITS

The United States' "Star Wars"programme will cost more than any other arms programme in history in terms of both financial and material resources and manpower.2,000 million dollars-some 15,000 million dollars in current prices-were spent on the "Manhatten"project between 1942 and 1945 for producing the first three atom bombs.150,000 scientists,technicians and workers were involved in the project.The initial phase of SDI from 1984 to 1990 will cost no less than 32,300 milion dollars,with 300,000 scientists and other staff being engaged in the "Star Wars" programme.One of its opponents,former US Defense Secretary Brown expressed the view that SDI which US newspapers described as the most profitable business of the century,could well hit the ceiling of one milion milions dollars.

The arms corporations and their political lobby do all they can to get SDI in orbit.Its industrial base has practically been created between 1984 to 1986.In 1985 alone one thousand milion dollars worth of SDI contracts went to 260 firms and research institutes.30 of the biggest US arms corporations which secure 50 per cent of the United States 'arms production snatched some 80 per cent of these contracts.In 1986 spending on SDI research has trebled.Between 1980 and 1986 the Pentagon has increased its grants to US Universities and colleges by 89 per cent.More than 250 colleges and universities are in special favours with the US Defense Ministry,and nine University institutes belong to the Pentagon's 100 leading contractors.There is growing opposition to the US "Star Wars"programme,and leading US arms corporations are therefore anxious to create accomplished facts,which would become increasingly difficult to reverse as they would be linked up with growing economic,military and political interests.




Thinking of Buying or Selling

New Houses, Lots, Building Contracts

Specializing :

Resale New Housing Lot Sales and Farms

Don't delay call now :

Hardeep S. Bhangav

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਾਵ ਨੂੰ ਫੋਨ ਕਰੋ



Ph. Off: 594-4141

Pager 438-2333 #1596

BENCH MARK REALTY CORPORATION

Bench Mark Realty Corp.

7218 King George Hwy. Surrey, B.C. V3W 5A5




# ਸਿੱਖ ਧਰਮ ਤੇ ਇਤਿਹਾਸ ਬਾਰੇ ਭੁਲੇਖੇ

ਸਤਿੰਦਰ ਸਿੰਘ

ਬਹੁਤੇ ਭਾਰਤੀ ਤੇ ਵਿਦੇਸ਼ੀ ਲੇਖਕਾਂ ਦੀ ਇਹ ਧਾਰਨਾ ਹੈ ਕਿ ਸਿੱਖ ਲਹਿਰ ਦਾ ਨਿਸ਼ਾਨਾ ਹਿੰਦੂ ਮੱਤ ਨੂੰ ਸੁਧਾਰਨਾ ਸੀ । ਉਨ੍ਹਾਂ ਵਿਚੋਂ ਕੁਝ ਸਿੱਖੀ ਨੂੰ ਵੱਧ ਤੋਂ ਵੱਧ ਹਿੰਦੂ ਮੱਤ ਦਾ ਖਾੜਕੂ ਹਿੱਸਾ ਹੀ ਮੰਨਦੇ ਹਨ । ਸਤਹੀ ਤੌਰ 'ਤੇ ਇਹ ਦੋਵੇਂ ਧਾਰਨਾਵਾਂ ਠੀਕ ਜਾਪਦੀਆਂ ਹਨ । ਪਰ ਡੂੰਘਾਈ ਨਾਲ ਦੇਖਣ 'ਤੇ ਦੋਵੇਂ ਰੱਦ ਹੋ ਜਾਂਦੀਆਂ ਹਨ । ਸਿੱਖਾਂ ਨੇ ਹਿੰਦੂਆਂ ਦੇ "ਰਾਖਿਆਂ"ਵਜੋਂ ਭੂਮਿਕਾ ਜ਼ਰੂਰ ਨਿਭਾਈ,ਉਨ੍ਹਾਂ ਨੇ ਸਾਂਝੇ ਵਿਦੇਸ਼ੀ ਤੇ ਦੇਸੀ ਜਾਬਰਾਂ ਵਿਰੁੱਧ ਜੰਗਾਂ ਲੜੀਆਂ । ਸਿੱਖ ਧਰਮ ਆਪਣੇ ਪੈਰੋਕਾਰਾਂ ਨੂੰ ਹਰ ਥਾਂ,ਹਰ ਸਮੇਂ,ਹਰ ਰੂਪ ਵਿਚ ਹੋ ਰਹੇ ਧਾਰਮਿਕ,ਸਿਆਸੀ,ਸਮਾਜਕ ਜਾਂ ਆਰਥਕ ਜਬਰ ਵਿਰੁਧ ਸੰਘਰਸ਼ ਕਰਨ ਦਾ ਸੰਦੇਸ਼ ਦਿੰਦਾ ਹੈ ।

ਦਲੀਲ ਦਿਤੀ ਜਾ ਸਕਦੀ ਹੈ ਕਿ ਕਿਉਂਕਿ ਸਿੱਖਾਂ ਤੇ ਹਿੰਦੂਆਂ ਵਿਚੋਂ ਕੁਝ ਆਪੋ ਵਿਚ ਵਿਆਹ ਸ਼ਾਦੀਆਂ ਕਰਦੇ ਹਨ ਅਤੇ ਸਿੱਖ ਤੇ ਹਿੰਦੂ ਰਲਕੇ ਖਾਣਾ ਖਾ ਲੈਂਦੇ ਹਨ,ਇਸ ਲਈ ਉਨ੍ਹਾਂ ਦਾ ਅਕੀਦਾ ਇਕੋ ਹੀ ਹੈ । ਪਰ ਇਨ੍ਹਾਂ ਸਤਹੀ ਗੱਲਾਂ ਦਾ ਗੰਭੀਰ ਵਿਚਾਰ ਵਟਾਂਦਰੇ ਨਾਲ ਕੋਈ ਸਬੰਧ ਨਹੀਂ । ਖੁਰਾਕ ਸਬੰਧੀ ਸਿੱਖਾਂ ਵਿਚ ਕੋਈ ਸੰਕੋਚ ਨਹੀਂ । ਹਿੰਦੂ ਗਾਂ ਦਾ ਮਾਸ ਅਤੇ ਮੁਸਲਮਾਨ ਸੂਰ ਦਾ ਮਾਸ ਨਹੀਂ ਖਾਂਦੇ ਪਰ ਸਿੱਖਾਂ ਨੂੰ ਦੋਹਾਂ ਤੋਂ ਕੋਈ ਮਨਾਹੀ ਨਹੀਂ । ਸਿੱਖ ਧਰਮ ਵਿਚ ਮੂਰਤੀ ਪੂਜਾ, ਗਊ ਪੂਜਾ, ਸਤੀ ਦੀ ਰਸਮ, ਕੁੜੀਆਂ ਨੂੰ ਮਾਰਨ ਅਤੇ ਤੀਰਥ ਯਾਤਰਾ ਦੀ ਮਨਾਹੀ ਹੈ । ਮਿਸਾਲ ਵਜੋਂ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਨੂੰ ਤਾਹਨਾ ਮਾਰਿਆ ਕਿ ਉਹ "ਵਾਲਾਂ ਵਾਲਾ ਹਿੰਦੂ ਹੈ"ਤਾਂ ਗੁਰੂ ਜੀ ਨੇ ਜੁਆਬ ਦਿੱਤਾ ਕਿ "ਹਿੰਦੂ ਮੂਰਤੀ ਪੂਜ ਹਨ,ਮੈਂ ਮੂਰਤੀ ਭੰਜਕ ਹਾਂ" (ਜ਼ਫਰਨਾਮਾ) ।

## ਕਰਾਮਾਤਾਂ

ਸਿੱਖ ਕਰਾਮਾਤਾਂ ਜਾਂ ਕਰਾਮਾਤੀਆਂ ਵਿਚ ਵਿਸ਼ਵਾਸ਼ ਨਹੀਂ ਰੱਖਦੇ ਉਹ ਕਰਾਮਾਤੀਆਂ ਨੂੰ ਦੰਭੀ ਤੇ ਧੋਖੇਬਾਜ਼ ਕਹਿ ਕੇ ਭੰਡਦੇ ਹਨ । ਸਿੱਖਾਂ ਨੂੰ ਜੋਤਿਸ਼ ਵਿਚ ਭਰੋਸਾ ਰੱਖਣ ਦੀ ਮਨਾਹੀ ਹੈ । ਜ਼ਿੰਦਗੀ ਦੇ ਸਾਰੇ ਪਲ ਉਨ੍ਹਾਂ ਲਈ ਇਕੋ ਜਿਹੇ ਪਵਿੱਤਰ ਤੇ ਸ਼ੁਭ ਹਨ । ਸਿੱਖ ਧਰਮ ਸੁਨਿਸ਼ਚਤ, ਜਮਹੂਰੀ ਤੇ ਉਦਾਰ ਹੈ । ਹਿੰਦੂ ਮੱਤ ਧੁੰਦਲਾ, ਪ੍ਰਾਸਰੀਰਕ, ਤੇ ਉਦਾਰਤਾ ਰਹਿਤ ਹੈ ।

ਬਹੁਤੇ ਹਿੰਦੂਆਂ ਦੇ ਉਲਟ ਸਿੱਖ ਇਕੋ ਰੱਬ ਵਿਚ ਯਕੀਨ ਰੱਖਦੇ ਹਨ ਅਤੇ ਜਾਤ ਪਾਤ ਪ੍ਰਣਾਲੀ ਨੂੰ ਨਹੀਂ ਮੰਨਦੇ । ਹਿੰਦੂਆਂ ਵਿਚ ਜਾਤਪਾਤ ਪ੍ਰਣਾਲੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਅਤੇ ਉਚੀ ਕੁਲ ਵਾਲੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਨਫਰਤ ਦੀ ਨਜ਼ਰ ਨਾਲ ਦੇਖਦੇ ਹਨ ।

ਆਪਣੇ ਵਿਸ਼ਵਾਸ਼ਾਂ ਨੂੰ ਅਮਲੀ ਰੂਪ ਦੇਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਗ੍ਰਹਿਸਥ ਅਪਨਾਉਣ, ਮਿਹਨਤ ਦੀ ਕਮਾਈ ਕਰਨ ਅਤੇ ਸਮਾਜ ਦੇ ਲਾਭਕਾਰੀ ਹੋਣ ਦਾ ਉਪਦੇਸ਼ ਦਿੱਤਾ । ਇਸੇ ਲਈ ਸਿੱਖਾਂ ਨੂੰ ਕਿਸੇ ਕਿੱਤੇ ਤੋਂ ਝਿਜਕ ਨਹੀਂ । ਸੰਗਤ ਵਿਚ ਮਿਲ ਬੈਠਣ, ਪੰਗਤ ਵਿਚ ਬੈਠ ਕੇ ਲੰਗਰ ਛਕਣ, ਕਿਰਤ ਅਤੇ ਚੰਗੇ ਕਰਮ ਕਰਨ ਦਾ ਉਪਦੇਸ਼ ਦੇ ਕੇ ਗੁਰੂ ਨਾਨਕ ਨੇ "ਰਾਜ ਮੇ ਯੋਗ"ਭਾਵ ਰੋਜ਼ਾਨਾ ਜੀਵਨ ਦੇ ਫਰਜ਼ਾਂ ਨੂੰ ਨਿਭਾਉਂਦਿਆਂ ਯੋਗੀ ਵਰਗਾ ਪਵਿੱਤਰ ਜੀਵਨ ਜੀਣ ਦਾ ਅਮਲੀ ਸਿਧਾਂਤ ਦਿੱਤਾ । ਇਸ ਪ੍ਰਕਾਰ ਗੁਰੂ ਨਾਨਕ ਦਾ ਧਰਮ ਗ੍ਰਹਿਸਥੀ ਦਾ ਧਰਮ ਹੈ ।

ਬਹੁਤ ਹਿੰਦੂ ਭਗਤਾਂ ਤੇ ਮੁਸਲਮਾਨ ਸੂਫੀਆਂ ਦੇ ਉਲਟ ਗੁਰੂ ਨਾਨਕ ਨੇ ਸਿਆਸੀ ਜਬਰ ਵਿਰੁਧ ਆਪਣੀ ਆਵਾਜ਼ ਉਠਾਈ ਅਤੇ ਕੈਦ ਦੀ ਸਜ਼ਾ ਭੁਗਤਣੀ ਪਈ । ਮੱਧਕਾਲੀਨ ਭਾਰਤ ਬਾਰੇ ਖੋਜ ਕਰਨ ਵਾਲੇ ਉਘੇ ਇਤਿਹਾਸਕਾਰ ਡਾ.ਤਾਰਾ ਚੰਦ ਦਾ ਕਥਨ ਹੈ ਕਿ ਗੁਰੂ ਨਾਨਕ ਦਾ ਧਰਮ ਅਮਲੀ ਜੀਵਨ ਅਤੇ ਉਚੇ ਆਚਰਣ ਉਤੇ ਜ਼ੋਰ ਦਿੰਦਾ ਹੈ । ਇਹ ਸਮਾਜਕ—ਆਰਥਕ, ਸਿਆਸੀ ਤੇ ਧਾਰਮਿਕ ਬੁਰਾਈਆਂ ਨਾਲ ਸਮਝੌਤਾ ਕਰਨ ਦੇ ਵਿਰੁਧ ਹੈ ।

## ਨਿਵੇਕਲੇ ਗੁਣ

ਇਨ੍ਹਾਂ ਨਿਵੇਕਲੇ ਗੁਣਾਂ ਕਰ ਕੇ ਸਿੱਖ ਧਰਮ ਜੋ ਇਕ ਰੋਸ ਲਹਿਰ ਵਜੋਂ ਸ਼ੁਰੂ ਹੋਇਆ, ਸਮਾਂ ਬੀਤਣ 'ਤੇ ਸਮਕਾਲੀ ਚੁਣੌਤੀਆਂ ਖਾਸ ਕਰਕੇ ਸਿਆਸੀ ਤਾਕਤ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰਬੰਦ ਸ਼ਕਤੀ ਵਿਚ ਬਦਲ ਗਿਆ । 1606 ਵਿਚ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤੇ ਜਾਣ ਉਪਰੰਤ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਪੀਰੀ (ਆਤਮਿਕ ਸ਼ਕਤੀ) ਅਤੇ ਮੀਰੀ (ਦੁਨਿਆਵੀ ਸ਼ਕਤੀ) ਦੀਆਂ ਦੋ ਤਲਵਾਰਾਂ ਪਹਿਨੀਆਂ । ਉਨ੍ਹਾਂ ਦੇ ਪੋਤਰੇ ਸਿੱਖਾਂ ਦੇ ਦਸਵੇਂ ਤੇ ਅੰਤਿਮ ਗੁਰੂ ਗੋਬਿੰਦ ਸਿੰਘ ਨੇ ਸਿਆਸੀ ਤਾਕਤ 'ਤੇ ਕਬਜ਼ਾ ਕਰਨ ਲਈ ਖਾਲਸਾ ਪੰਥ ਦੀ ਸਿਰਜਣਾ ਕੀਤੀ । ਉਨ੍ਹਾਂ ਐਲਾਨ ਕੀਤਾ: "ਰਾਜ ਬਿਨਾਂ ਨਹੀਂ ਧਰਮ ਚਲੇ ਹੈ ।"ਬਾਦਸ਼ਾਹ ਔਰੰਗਜ਼ੇਬ ਨੂੰ ਲਿਖੇ "ਜ਼ਫਰਨਾਮਾ"ਵਿਚ ਉਨ੍ਹਾਂ ਹਿੰਸਾ ਨੂੰ ਉਚਿਤ ਠਹਿਰਾਉਂਦਿਆਂ ਲਿਖਿਆ ਕਿ ਜਦੋਂ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਉਠਾਉਣਾ ਜਾਇਜ਼ ਬਣ ਜਾਂਦਾ ਹੈ ।

ਸੰਸਾਰ ਪ੍ਰਸਿੱਧ ਇਤਿਹਾਸਕਾਰ ਅਰਨੋਲਡ ਟਾਇਨਵੀ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇ ਸਰਬ—ਵਿਆਪਕ ਤੇ ਸ਼ਾਂਤੀਪੂਰਨ ਸਿਧਾਂਤ ਨੂੰ ਵਿਗਾੜ ਕੇ ਸੌੜੇ ਤੇ ਖਾੜਕੂ ਅਕੀਦੇ ਵਿਚ ਬਦਲ ਦਿੱਤਾ । ਟਾਇਨਵੀ ਨੂੰ ਇਹ ਭੁਲੇਖਾ ਸਿੱਖ ਧਰਮ ਦੀ ਪੂਰੀ ਜਾਣਕਾਰੀ ਨਾ ਹੋਣ ਕਰਕੇ ਪਿਆ । ਸਿੱਖ ਧਰਮ ਤੇ ਇਸਦੇ ਫਲਸਫੇ ਦੇ ਜਨਮ ਤੇ ਵਿਕਾਸ ਦੇ ਨਿਰਪੱਖ ਅਧਿਐਨ ਤੋਂ ਟਾਇਨਵੀ ਦਾ ਭੁਲੇਖਾ ਸਪਸ਼ਟ ਦਿਖਾਈ ਦੇ ਸਕਦਾ ਹੈ । ਗੁਰੂ ਨਾਨਕ ਦਾ ਜਨਤਕ ਰੋਸ ਨਾ ਸਿਰਫ ਸਮਾਜਕ ਤੇ ਆਰਥਿਕ ਸਗੋਂ ਸਿਆਸੀ ਜਬਰ ਦੇ ਵਿਰੁਧ ਵੀ ਸੀ । ਉਨ੍ਹਾਂ ਤੋਂ ਪਹਿਲਾਂ ਕਿਸੇ ਵੀ ਹਿੰਦੂ ਸੰਤ ਜਾਂ ਮੁਸਲਿਮ ਪੀਰ ਨੇ ਸਿਆਸੀ ਜਬਰ ਵਿਰੁਧ ਆਵਾਜ਼ ਨਹੀਂ ਸੀ ਉਠਾਈ । ਆਪਣੀਆਂ ਸਿਖਿਆਵਾਂ ਵਿਚ ਇਸ ਨਵੇਂ ਤੱਤ ਦਾ ਪ੍ਰਵੇਸ਼ ਕਰਕੇ ਗੁਰੂ ਨਾਨਕ ਨੇ ਰੌਸ਼ਨੀ ਦੀ ਇਕ ਨਵੀਂ ਮਿਸਾਲ ਬਾਲੀ ਜੋ ਉਸਦੇ ਦਸਵੇਂ ਵਾਰਿਸ ਗੁਰੂ ਗੋਬਿੰਦ ਸਿੰਘ ਦੇ ਸਮੇਂ ਭਾਂਬੜ ਦਾ ਰੂਪ ਧਾਰ ਗਈ ।

## ਕਾਇਆਂ-ਕਲਪ

ਇਹ ਕਾਇਆਂ-ਕਲਪ ਸ਼ਾਂਤਮਈ ਨਹੀਂ ਸਗੋਂ ਖੂਨ ਖਰਾਬੇ ਵਾਲਾ ਸੀ । ਅਕਬਰ ਦੀ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਦਾ ਅੰਤ ਉਸਦੇ ਪੁੱਤਰ ਜਹਾਂਗੀਰ ਦੀ ਹਕੂਮਤ ਦੌਰਾਨ ਹੋ ਗਿਆ ਅਤੇ ਛੇਵੇਂ ਸਿੱਖ ਗੁਰੂ ਹਰਗੋਬਿੰਦ ਸਾਹਿਬ ਆਤਮ-ਰੱਖਿਆ ਲਈ ਹਥਿਆਰਬੰਦ ਟੁਕੜੀਆਂ ਸੰਗਠਿਤ ਕਰਨ ਲਈ ਮਜ਼ਬੂਰ ਹੋ ਗਏ । ਆਖਰੀ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਇਸਲਾਮੀ ਕੱਟੜਪ੍ਰਸਤੀ ਨੇ ਗੁਰੂ ਗੋਬਿੰਦ ਸਿੰਘ ਨੂੰ ਉਸਦੇ ਜਾਬਰ ਰਾਜ ਵਿਰੁਧ ਬਗਾਵਤ ਲਈ ਮਜ਼ਬੂਰ ਕੀਤਾ । ਇਸ ਪ੍ਰਕਾਰ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਿੱਖੀ ਦੇ ਬੁਨਿਆਦੀ ਅਸੂਲ ਬਦਲੇ ਨਹੀਂ ਸਗੋਂ ਨਵੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਵਿਚ ਕੁਝ ਹੋਰ ਵਾਧੇ ਕਰ ਦਿੱਤੇ ਗਏ । ਗੁਰੂ ਨਾਨਕ ਦੇ 'ਗ੍ਰਹਿ ਤਪੱਸਵੀ'ਅਤੇ ਗੁਰੂ ਗੋਬਿੰਦ ਸਿੰਘ ਦੇ 'ਸੰਤ ਸਿਪਾਹੀ'ਵਾਲੇ ਸੰਕਲਪ ਇਕ ਧਾਰਮਿਕ ਫਲਸਫੇ ਤੋਂ ਪ੍ਰੇਰਤ ਸਨ । ਉਨ੍ਹਾਂ ਨੇ ਕੇਵਲ ਨਿਆਂਸ਼ੀਲ ਸਮਾਜਕ ਪ੍ਰਬੰਧ ਤੇ ਧਰਮ ਨਿਰਪੱਖ ਰਿਆਸਤ ਨੂੰ ਹੋਂਦ ਵਿਚ ਲਿਆਉਣ ਲਈ ਵੱਖ ਵੱਖ ਤਰੀਕਿਆਂ ਦੀ ਵਰਤੋਂ ਕੀਤੀ ।

ਉਘੇ ਸਿੱਖ ਇਤਿਹਾਸਕਾਰ ਡਾ.ਹਰੀ ਰਾਮ ਗੁਪਤਾ ਅਨੁਸਾਰ ਸਿੱਖ ਗੁਰੂਆਂ ਵਲੋਂ ਦਰਸਾਏ ਉਪਰੋਕਤ ਦੋਹਾਂ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਦੇ ਸਮੇਂ 1708 ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ 1799 ਵਿਚ ਲਾਹੌਰ ਉਤੇ ਕਬਜ਼ਾ ਕਰਨ ਤੱਕ ਦੇ ਅਰਸੇ ਦੌਰਾਨ ਦੋ ਲੱਖ ਦੇ ਕਰੀਬ ਸਿੱਖਾਂ ਨੇ ਬਹਾਦਰੀ ਨਾਲ ਜੂਝਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ । ਇਹੋ ਕਾਰਨ ਹੈ ਕਿ ਸੁਤੰਤਰਤਾ ਸੰਗਰਾਮ ਦੇ ਦੌਰਾਨ ਫਾਂਸੀ 'ਤੇ ਲਟਕਾਏ ਜਾਣ ਵਾਲਿਆਂ ਵਿਚੋਂ 75 ਪ੍ਰਤੀਸ਼ਤ ਤੋਂ ਜ਼ਿਆਦਾ ਸਿੱਖ ਹੀ ਸਨ । ਭਾਵੇਂ ਉਨ੍ਹਾਂ ਦੀ ਸੰਖਿਆ ਦੇਸ਼ ਦੀ ਵਸੋਂ ਦਾ 2 ਪ੍ਰਤੀਸ਼ਤ ਤੋਂ ਵੀ ਘੱਟ ਸੀ । ਇਸੇ ਕਾਰਨ ਕਰਕੇ ਹੀ ਜਦੋਂ ਐਮਰਜੈਂਸੀ ਸਮੇਂ ਲੱਗਭੱਗ ਹੋਰ ਸਾਰੀਆਂ ਪਾਰਟੀਆਂ ਤੇ ਧਾਰਮਿਕ ਧੜੇ ਹੌਸਲਾ ਛੱਡਕੇ ਚਿਤ ਹੋ ਬੈਠੇ ਸਨ ਤਾਂ ਸਿੱਖਾਂ ਨੇ ਅਕਾਲੀ ਦਲ ਦੇ ਝੰਡੇ ਹੇਠ ਕਾਲੇ ਕਾਨੂੰਨਾਂ ਵਿਰੁਧ ਰੋਸ ਪ੍ਰਗਟ ਕਰਨ ਲਈ ਪ੍ਰਤੀ ਦਿਨ ਗ੍ਰਿਫਤਾਰੀਆਂ ਦਿੱਤੀਆਂ ।

ਸਾਡੇ ਵਿਦਮਾਨਾਂ ਤੇ ਬੁੱਧੀਜੀਵੀਆਂ ਵਿਚ ਪਾਇਆ ਜਾਣ ਵਾਲਾ ਇਕ ਹੋਰ ਵੱਡਾ ਭੁਲੇਖਾ ਇਹ ਹੈ ਕਿ 19ਵੀਂ ਸਦੀ ਦੇ ਅਖੀਰ ਵਿਚ ਚਲੀਆਂ ਸੁਧਾਰ ਲਹਿਰਾਂ ਸਿੰਘ ਸਭਾ ਤੇ ਤੱਤ ਖਾਲਸਾ ਨੇ ਬਰਤਾਨਵੀ ਹਾਕਮਾਂ ਦੇ ਇਸ਼ਾਰੇ 'ਤੇ ਹਮਾਇਤ ਕਾਰਨ ਵੱਖਰੀ ਸਿੱਖ ਪਛਾਣ ਦਾ ਮਾਮਲਾ ਉਠਾਇਆ । ਇਹ ਲਹਿਰਾਂ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀ ਪ੍ਰਚਾਰਕਾਂ ਵਲੋਂ ਚਲਾਈਆਂ ਗਈਆਂ ਧਰਮ ਪ੍ਰੀਵਰਤਨ ਮੁਹਿੰਮਾਂ ਦੇ ਵਿਰੋਧ ਵਿਚ ਪੈਦਾ ਹੋਈਆਂ ਸਨ । ਤਖਤ ਤੋਂ ਲਾਹੇ ਗਏ ਪੰਜਾਬ ਦੇ ਸਿੱਖ ਮਹਾਰਾਜਾ ਦਲੀਪ ਸਿੰਘ ਅਤੇ ਕਪੂਰਥਲਾ ਦੇ ਰਾਜਾ ਦੇ ਭਰਾ ਰਾਜਾ ਹਰਨਾਮ ਸਿੰਘ ਨੂੰ ਈਸਾਈ ਬਣਾਏ ਜਾਣ ਨੇ ਸਿੱਖ ਭਾਈਚਾਰੇ ਨੂੰ ਬੜਾ ਸਦਮਾ ਲਾਇਆ । ਏਨਾ ਹੀ ਨਹੀਂ ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾ ਨੰਦ ਨੇ ਆਪਣੀ ਰਚਨਾ 'ਸਤਿਆਰਥ ਪ੍ਰਕਾਸ਼'ਵਿਚ ਗੁਰੂ ਨਾਨਕ ਨੂੰ 'ਦੰਭੀ'ਆਖਿਆ । ਸਿੱਖਾਂ ਨੇ ਸਵਾਮੀ ਦੇ ਇਨ੍ਹਾਂ ਨਿਰਾਦਰ ਭਰੇ ਸ਼ਬਦਾਂ ਵਿਰੁਧ ਪ੍ਰਗਟ ਕੀਤਾ, ਪਰ ਆਰੀਆ ਸਮਾਜੀ ਪ੍ਰਚਾਰਕਾਂ ਨੇ ਸਿੱਖਾਂ-ਦਾ ਧਰਮ ਬਦਲਣ ਦੀ ਮੁਹਿਮ ਚਲਾ ਦਿੱਤੀ । ਮਿਸਾਲ ਵਜੋਂ ਜਲੰਧਰ ਤੇ ਲਾਹੌਰ ਦੇ ਆਰੀਆ ਸਮਾਜੀ ਮੰਦਰਾਂ ਵਿਚੋਂ ਦਰਜਨਾਂ ਸਿੱਖ ਯੁਵਕਾਂ ਦੇ ਕੇਸ ਕੱਟੇ ਗਏ ।

ਇਨ੍ਹਾਂ ਅਤਿ ਦੀਆਂ ਭੜਕਾਊ ਕਾਰਵਾਈਆਂ ਨੇ ਸਿੱਖਾਂ ਤੇ ਹਿੰਦੂਆਂ ਦੀ ਸਦੀਆਂ ਪੁਰਾਣੀ ਸਾਂਝ ਵਿਚ ਤ੍ਰੇੜ ਪਾ ਦਿੱਤੀ । ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣਾ ਵਿਵਾਦਗ੍ਰਸਤ ਕਿਤਾਬਚਾ 'ਹਮ ਹਿੰਦੂ ਨਹੀਂ'ਲਿਖਿਆ ਅਤੇ ਸਿੱਖ ਸੁਧਾਰਵਾਦੀ ਨੇਤਾਵਾਂ ਨੇ ਸਿੱਖੀ ਦੇ ਮੁਢਲੇ ਅਸੂਲਾਂ ਨੂੰ ਪ੍ਰਚਾਰਨ ਲਈ ਜ਼ਬਰਦਸਤ ਮੁਹਿਮ ਛੇੜ ਦਿਤੀ । ਇਨ੍ਹਾਂ ਨੇਤਾਵਾਂ ਨੇ ਬਰਤਾਨਵੀ ਤੇ ਹਿੰਦੂ ਇਤਿਹਾਸਕਾਰਾਂ ਵਲੋਂ

ਬਾਕੀ ਪੰਨਾ 26 'ਤੇ

ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings

Off; 872-6060



Two Halwais Wanted

"Required two "Halwais" (sweetmakers) to work in Calgary Alberta, area. Appilicants must be fully trained and at leat have five to seven years of experience in all the lines of the east Indian/Pakistani sweets. Age requirement 25-45 years, considering the hard work of 12 hours a day shift. Applications should be immediately sent to the attention of :

Mr. A.M. Saqib
suite 1016, 815-4th Ave. S.W.
Calgary, Alberta T2P 3G8

ਪੰਨਾ 25 ਦੀ ਬਾਕੀ

ਆਪਣੇ ਸੁਆਰਥੀ ਮੰਤਵਾਂ ਲਈ ਪਾਏ ਗਏ ਭੁਲੇਖਿਆਂ ਦਾ ਖੰਡਨ ਵੀ ਕੀਤਾ ਕਿ ਸਿੱਖੀ ਤੱਤ ਰੂਪ ਵਿਚ ਇਸਲਾਮ ਵਿਰੋਧੀ ਹੈ ਅਤੇ 18ਵੀਂ ਸਦੀ ਵਿਚ ਸਿਆਸੀ ਤਾਕਤ ਦੀ ਪ੍ਰਾਪਤੀ ਲਈ ਕੀਤੀ ਗਈ ਸਿੱਖ ਜਦੋਜਹਿਦ ਮੂਲ ਰੂਪ ਵਿਚ ਮੁਸਲਿਮ ਵਿਰੋਧੀ ਸੀ। ਅੰਗਰੇਜ਼ਾਂ ਨੇ ਆਪਣੀ " ਪਾੜੋ ਤੇ ਰਾਜ ਕਰੋ"ਦੀ ਨੀਤੀ ਦੁਆਰਾ ਭਾਰਤ ਵਿਚ ਆਪਣਾ ਰਾਜ ਕਾਇਮ ਰੱਖਣ ਲਈ ਅਜਿਹਾ ਕੀਤਾ। ਹਿੰਦੂਆਂ ਨੇ ਸਿੱਖਾਂ ਦੇ ਸੰਘਰਸ਼ ਦਾ ਮੂੰਹ ਮੁਸਲਮਾਨਾਂ ਵਿਰੁਧ ਮੋੜਨ ਲਈ ਸਿੱਖ ਫਲਸਫੇ ਤੇ ਇਤਿਹਾਸ ਨੂੰ ਵਿਗਾੜਕੇ ਪੇਸ਼ ਕਰਨ ਦੀ ਨੀਤੀ ਅਪਣਾਈ।

**ਅਸਲੀਅਤ**

ਅਸਲੀਅਤ ਇਹ ਹੈ ਕਿ ਸਿੱਖ ਗੁਰੂਆਂ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਸਿਰਫ ਸਿਆਸੀ ਜਬਰ,ਧਾਰਮਿਕ ਕੱਟੜਪ੍ਰਸਤੀ,ਆਰਥਿਕ ਲੁੱਟ-ਖਸੁੱਟ ਤੇ ਸਮਾਜਕ ਨਾਬਰਾਬਰੀ ਵਿਰੁਧ ਲੜਾਈ ਲੜੀ। ਉਨ੍ਹਾਂ ਦੀ ਲੜਾਈ ਨਾ ਕਿਸੇ ਧਾਰਮਿਕ ਫਿਰਕੇ ਵਿਰੁਧ ਸੀ ਅਤੇ ਨਾ ਕਿਸੇ ਵਿਸ਼ੇਸ਼ ਵਿਅਕਤੀ ਵਿਰੁਧ। ਇਸੇ ਕਰਕੇ ਸਾਰੇ ਅਕੀਦਿਆਂ ਤੇ ਜਾਤਾਂ ਦੇ ਲੋਕ ਉਨ੍ਹਾਂ ਦੇ ਝੰਡੇ ਦੁਆਲੇ ਜੁੜੇ। ਉਨ੍ਹਾਂ ਵਿਚੋਂ ਬਹੁਤੇ ਨੀਵੀਆਂ ਹਿੰਦੂ ਸ਼੍ਰੇਣੀਆਂ ਦੇ ਲੋਕ ਸਨ। ਜੋ ਉਚੀਆਂ ਸ਼੍ਰੇਣੀਆਂ ਦੇ ਹਿੰਦੂਆਂ ਅਤੇ ਮੁਸਲਿਮ ਹਾਕਮਾਂ ਦੋਹਾਂ ਤੋਂ ਸਤੇ ਹੋਏ ਸਨ।

ਸਿੱਖ ਧਰਮ ਕਿਸੇ ਦਾ ਵਿਰੋਧੀ ਨਹੀਂ। ਇਹ ਸਰਬ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ ਅਤੇ ਨਿਆਂਪੂਰਨ ਸਮਾਜਕ ਪ੍ਰਬੰਧ ਤੇ ਸਿਆਸੀ ਬਰਾਬਰੀ ਦੀ ਸਥਾਪਨਾ ਲੋਂਦਾ ਹੈ। ਇਹ ਅਨੇਕਤਾ ਵਿਚ ਏਕਤਾ ਦਾ ਹਾਮੀ ਹੈ। ਇਹ ਸਰਬੱਤ ਦਾ ਭਲਾ ਚਾਹੁੰਦਾ ਹੈ। ਇਸੇ ਲਈ ਸਦੀਆਂ ਤੋਂ ਲੋਕ ਸੁਰ ਮਿਲਾਕੇ ਗਾਉਂਦੇ ਆਏ ਹਨ:

ਬਾਬਾ ਨਾਨਕ ਸ਼ਾਹ ਫਕੀਰ
ਹਿੰਦੂ ਕਾ ਗੁਰੂ ਮੁਸਲਮਾਨਾਂ ਦਾ ਪੀਰ।

---

ਜੇ ਉਹ ਕਿਧਰੇ ਗਮਾਂ ਦੇ ਥਲਾਂ 'ਚ ਨਾ ਮਿਲਦਾ ਝਨਾਂ ਵਾਂਗੂ,
ਤਾਂ ਸਾਰੀ ਉਮਰ ਧੁੱਖਣਾ ਸੀ ਮੈਂ ਬਾਂਸਾਂ ਦੇ ਵਣਾਂ ਵਾਂਗੂ।
ਤੁਸੀਂ ਸੌ ਵਾਰ ਭਾਵੇਂ ਕਤਲ ਮੈਨੂੰ ਕਰ ਲਵੋ ਫਿਰ ਵੀ
ਤੁਹਾਡੇ ਜ਼ਿਹਨ ਤੇ ਛਾਇਆ ਰਹਾਂਗਾ ਬੱਦਲਾਂ ਵਾਂਗੂ।

# ਫਿਜੀ ਵਿਚ ਖੱਬੀ ਸਰਕਾਰ

ਸੁਵਾ:—ਦੱਖਣੀ ਸ਼ਾਂਤ ਮਹਾਂਸਾਗਰ ਦੇ ਛੋਟੇ ਜਿਹੇ ਦੇਸ਼ ਫਿਜੀ ਵਿਚ ਖੱਬੀਆ ਪਾਰਟੀਆਂ ਨੇ ਸਰਕਾਰ ਉਤੇ ਕਬਜ਼ਾ ਕਰ ਲਿਆ ਹੈ। ਹੁਣ ਨੈਸ਼ਨਲ ਫੈਡਰੇਸ਼ਨ ਪਾਰਟੀ (ਜਿਸਨੂੰ ਬਹੁਗਿਣਤੀ ਭਾਰਤੀਆਂ ਦੀ ਹਮਾਇਤ ਪ੍ਰਾਪਤ ਹੈ) ਅਤੇ ਬਹੁਨਸਲੀ ਲੇਬਰ ਪਾਰਟੀ ਨੇ ਪਾਰਲੀਮੈਂਟ ਦੀਆਂ 52 ਵੋਟਾਂ ਵਿਚੋਂ 28 ਸੀਟਾਂ ਜਿੱਤ ਕੇ ਸਰਕਾਰ ਬਣਾਈ ਹੈ। ਇਸਤੋਂ ਪਹਿਲਾਂ ਫਿਜੀ ਵਿਚ 1970 ਦੀ ਆਜ਼ਾਦੀ ਤੋਂ ਬਾਅਦ ਪੱਛਮੀ ਦੇਸ਼ਾਂ ਦੀ ਸਮਰਥਕ ਸਰਕਾਰ ਹੀ ਰਹੀ ਹੈ। ਨਵੀਂ ਕੁਲੀਸ਼ਨ ਨੇ ਨਿਰਪੱਖ ਪਾਲਸੀ ਦੇ ਨਾਅਰੇ ਅਧੀਨ ਜਿੱਤ ਪ੍ਰਾਪਤ ਕੀਤੀ ਹੈ। ਇਹ ਸਰਕਾਰ ਹੁਣ ਅਮਰੀਕਨ ਪ੍ਰਮਾਣੂ ਜੰਗੀ ਜ਼ਹਾਜ਼ਾਂ ਦਾ ਦਾਖਲਾ ਤੁਰੰਤ ਬੰਦ ਕਰੇਗੀ ਪਰ ਨਾਲ ਹੀ ਸੋਵੀਅਤ ਰੂਸ ਨੂੰ ਵੀ ਸੁਵਾ ਵਿਚ ਅੰਬੈਸੀ ਖੋਹਲਣ ਦੀ ਆਗਿਆ ਨਹੀਂ ਦੇਵੇਗੀ। ਨਵੀਂ ਸਰਕਾਰ ਦਾ ਪ੍ਰਧਾਨ ਮੰਤਰੀ.ਬਵਾਟਰਾ,ਨਵੀਂ ਸਰਕਾਰ ਬਣਾ ਰਹੇ ਹਨ।


# 'ਕੈਨੇਡਾ ਦਰਪਣ' ਫੋਨ (604)581-4473

## I CAN HELP

I'm an Investors professional financial planner. It's my job to help you create and follow a personal financial plan.

I can help with :

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities



## ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ!

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)**

**Tel: Bus. 682-5431**

*Investors* SYNDICATE LIMITED

MAIN FL. 700 WEST PENDER STREET / VANCOUVER, B.C. V6C 1R2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**

**Res: 591-2697**

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

WE LEAD OTHERS FOLLOW

# BRIDE & GROOM SHOP

Contact : Sukhdev S. Saini **Ph. (604) 324-5662**



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES



*Limousine Service* (Daily or Hourly)



**206 East 49th Ave. (at Main St.) Vancouver, B.C.**

# Success Through Service & Experience

AWARD WINNER

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

Without any obligation, contact

Buying, Selling or Trading

ਮਕਾਨ ਵੇਚਣ ਜਾਂ ਖ੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**

# ਚੁਣੌਤੀਆਂ ਸਮੁੱਚੇ ਦੇਸ਼ 'ਚੋਂ ਉਠ ਰਹੀਆਂ ਹਨ

ਦੀਵਾਨ ਬਰਿੰਦਰ ਨਾਥ

ਆਓ ਆਲੇ-ਦੁਆਲੇ ਦੀ ਸਥਿਤੀ ਦਾ ਜਾਇਜ਼ਾ ਲਈਏ। ਸਿੱਧੀ ਜਿਹੀ ਗੱਲ ਹੈ ਕਿ ਇਸਤੋਂ ਪਹਿਲਾਂ ਦੇਸ਼ ਦੀ ਅੰਦਰੂਨੀ ਏਕਤਾ ਨੂੰ ਕਦੇ ਵੀ ਇਸ ਤਰ੍ਹਾਂ ਦੀ ਚੁਣੌਤੀ ਨਹੀਂ ਮਿਲੀ ਸੀ ਫਿਰ ਵੀ ਜਿੱਥੋਂ ਤੱਕ ਸਰਹੱਦ ਦੇ ਪਾਰ ਦੇ ਖਤਰੇ ਦਾ ਸਵਾਲ ਹੈ ਅੱਜ ਇਹ ਖਤਰੇ 1970 ਤੋਂ ਪਹਿਲਾਂ ਦਰਪੇਸ਼ ਖਤਰਿਆਂ ਤੋਂ ਬਹੁਤ ਹੀ ਘੱਟ ਹਨ।

ਅਰੁਨਾਚਲ ਪ੍ਰਦੇਸ਼ ਵਿਚ ਘੁਸਪੈਂਠ ਤੋਂ ਬਾਅਦ ਚੀਨੀ ਖਤਰਾ ਫਿਰ ਤੋਂ ਪੈਦਾ ਜ਼ਰੂਰ ਹੋ ਗਿਆ ਹੈ ਫਿਰ ਵੀ ਜੇਕਰ ਅਸੀਂ ਆਪਣੀ 'ਸੁਰੱਖਿਆ ਤਿਆਰੀਆਂ' ਦੀ ਗਤੀ ਨੂੰ ਦੇਖੀਏ ਤਾਂ ਸਾਨੂੰ ਬਾਹਰੀ ਖਤਰਿਆਂ ਤੋਂ ਕੋਈ ਨਿਰਾਸ਼ਾ ਨਹੀਂ ਹੋਣੀ ਚਾਹੀਦੀ। ਸਰਹੱਦਾਂ ਤੇ ਖਤਰੇ ਤਾਂ ਹੀ ਮਹੱਤਵਪੂਰਨ ਹੋ ਸਕਦੇ ਹਨ ਜੇਕਰ ਅਸੀਂ ਅੰਦਰੂਨੀ ਖਤਰਿਆਂ ਨੂੰ ਨਾ ਸੰਭਾਲ ਸਕੀਏ।

ਸਿੱਧੀ ਜਿਹੀ ਗੱਲ ਇਹ ਹੈ ਕਿ ਪਾਕਿਸਤਾਨ ਭਾਰਤ ਨਾਲ ਉਦੋਂ ਤੱਕ ਯੁੱਧ ਨਹੀਂ ਕਰੇਗਾ, ਜਦੋਂ ਤੱਕ ਉਸਨੂੰ ਇਸ ਗੱਲ ਦਾ ਯਕੀਨ ਨਾ ਹੋਵੇ ਕਿ ਸਾਡੇ ਸਰਹੱਦੀ ਖੇਤਰ ਵਿਚ ਵੱਡੀ ਪੱਧਰ ਤੇ ਉਥਲ-ਪੁਥਲ ਹੋ ਸਕਦੀ ਹੈ। ਅਜੇ ਚੀਨ ਵੀ ਹਮਲੇ ਦਾ ਸਾਹਸ ਨਹੀਂ ਕਰ ਸਕਦਾ। ਗੁਆਂਢੀਆਂ ਦੀਆਂ ਬੁਰੀਆਂ ਨਜ਼ਰਾਂ ਤਾਂ ਹੀ ਸਫਲ ਹੋ ਸਕਦੀਆਂ ਹਨ ਜੇਕਰ ਸਾਡੇ ਦੇਸ਼ ਅੰਦਰ ਸੰਘਰਸ਼ ਬਹੁਤ ਵੱਧ ਜਾਏ।

ਅੰਦਰੂਨੀ ਸੁਰੱਖਿਆ ਅਤੇ ਬਾਹਰੀ ਖਤਰੇ ਦੇ ਵਿਚਕਾਰ ਜੋ ਗਹਿਰਾ ਰਿਸ਼ਤਾ ਹੈ, ਉਸਨੂੰ ਸਮਝਣਾ ਬਹੁਤ ਜ਼ਰੂਰੀ ਹੈ, ਪਰ ਬਦਕਿਸਮਤੀ ਨਾਲ ਅਸੀਂ ਇਸ ਦੀ ਉਲੰਘਣਾ ਕਰਦੇ ਹਾਂ ਅਤੇ ਇਸ ਦ੍ਰਿਸ਼ਟੀਕੋਣ ਕਾਰਨ ਹੀ ਭਾਰਤ ਨੂੰ ਮੌਜੂਦਾ ਸਾਲ ਵਿਚ ਉਸ ਪ੍ਰਕਾਰ ਦੀ ਚੁਣੌਤੀ ਦਾ ਮੁਕਾਬਲਾ ਕਰ ਰਿਹਾ ਹੈ, ਜਿਸ ਤਰ੍ਹਾਂ ਦੀ ਚੁਣੌਤੀ ਪਹਿਲਾਂ ਕਦੇ ਨਹੀਂ ਸੀ। ਇਹ ਚੁਣੌਤੀ ਕੇਵਲ ਪੰਜਾਬ ਦੇ ਵੱਖਵਾਦੀ ਤੱਤਾਂ ਤੋਂ ਜਾਂ ਉਤਰ ਪੱਛਮੀ ਇਲਾਕਿਆਂ ਵਿਚ ਹੀ ਨਹੀਂ ਸਗੋਂ ਦੇਸ਼ ਭਰ ਵਿਚੋਂ ਉਭਰ ਰਹੀ ਹੈ। ਅੱਜ ਇਕ ਸਾਧਾਰਨ ਭਾਰਤੀ ਆਪਣੀ ਪਹਿਚਾਣ ਲਈ ਭਾਰਤੀਪੁਣੇ ਦੀ ਥਾਂ ਸੰਪਰਦਾਇਕਤਾ ਦਾ ਲੇਬਲ ਲਾ ਰਿਹਾ ਹੈ। ਵੱਖਵਾਦੀ ਚੁਣੌਤੀਆਂ ਜਿੱਥੇ ਕਿਤੇ ਵੀ ਉਭਰੀਆਂ ਹਨ ਉਸਦਾ ਕਾਰਨ ਇਹੀ 'ਪਹਿਚਾਣ' ਦੀ ਸਮੱਸਿਆ ਹੈ ਜੋ ਸਾਡੀ ਭਾਰਤੀਅਤਾ ਨੂੰ ਦਬਾਕੇ ਸਾਡੇ ਧਾਰਮਿਕ ਸੰਪਰਦਾਇਕ ਅਤੇ ਭਾਸ਼ਾਈ ਵਿਅਕਤਿਤਵ ਨੂੰ ਉਤਸ਼ਾਹ ਦੇ ਰਹੀ ਹੈ।

ਸੁਤੰਤਰਤਾ ਦੇ ਪਹਿਲੇ ਸਾਲਾਂ ਵਿਚ ਇਹ ਆਸ ਉਤਪਨ ਹੋਈ ਸੀ ਕਿ ਸਾਡੀ ਰਾਜਨੀਤੀ ਨੂੰ ਇਕ ਪ੍ਰਗਤੀਸ਼ੀਲ, ਸਮਾਜਕ, ਆਰਥਕ ਆਧਾਰ ਮਿਲ ਜਾਏਗਾ। 1950 ਤੋਂ 1980 ਤੱਕ 30 ਸਾਲਾਂ ਵਿਚ ਹੌਲੀ ਹੌਲੀ ਭਾਰਤੀ ਰਾਜਨੀਤੀ ਵਿਚ ਧਰਮ ਨਿਰਪੱਖਤਾ ਨੇ ਕੁਝ ਜ਼ੋਰ ਫੜਿਆ। ਇਹ ਜਾਣਕੇ ਤਸੱਲੀ ਹੁੰਦੀ ਹੈ ਕਿ ਸਾਡੀਆਂ ਮੁਖ ਰਾਜਨੀਤਕ ਪਾਰਟੀਆਂ ਵਿਚ ਵੱਖ ਵੱਖ ਧਰਮਾਂ, ਸੰਪਰਦਾਵਾਂ, ਗਰੁੱਪਾਂ ਅਤੇ ਖੇਤਰੀ ਤੱਤਾਂ ਦਾ ਮਿਸ਼ਰਣ ਹੋ ਰਿਹਾ ਹੈ। ਆਪਣੀਆਂ ਸਾਰੀਆਂ ਕਮਜ਼ੋਰੀਆਂ ਅਤੇ ਬੁਰਾਈਆਂ ਦੇ ਬਾਵਜੂਦ ਜਦ 1977 ਵਿਚ ਜਨਤਾ ਪਾਰਟੀ ਸੱਤਾ ਵਿਚ ਆਈ ਤਾਂ ਇਹ ਅਹਿਸਾਸ ਵੀ ਹੋਇਆ ਕਿ ਉਹ ਸੈਕੂਲਰ ਪਾਰਟੀ ਸੀ ਪਰ ਜਨਤਾ ਦਾ ਤਜਰਬਾ ਵੀ ਬਹੁਤ ਸਾਰੇ ਕਾਰਨਾਂ ਕਰਕੇ ਸਫਲ ਨਾ ਹੋਇਆ

ਪਰ ਹੁਣ ਇਹ ਸਾਰੀ ਉਮੀਦ ਚਕਨਾਚੂਰ ਹੋ ਚੁੱਕੀ ਹੈ। ਹੁਣ ਸਿਰਫ ਵਿਰੋਧੀ ਪਾਰਟੀਆਂ ਦੀ ਰਾਜਨੀਤੀ ਹੀ ਫਿਰਕੂ ਲੀਹ 'ਤੇ ਨਹੀਂ ਰਹੀ ਬਲਕਿ ਕੇਂਦਰ ਵਿਚ ਸੱਤਾ ਤੇ ਕਾਬਜ਼ ਪਾਰਟੀ ਨੇ ਵੀ ਇਹੀ ਰਸਤਾ ਅਪਣਾਇਆ ਹੈ।

ਇਸ ਸੰਦਰਭ ਵਿਚ ਸਾਨੂੰ ਬਹੁਤਾ ਦੂਰ ਜਾਣ ਦੀ ਲੋੜ ਨਹੀਂ ਬਲਕਿ ਕੁਝ ਸਪਸ਼ਟ ਹਕੀਕਤਾਂ ਸਾਡੇ ਸਾਹਮਣੇ ਹਨ। ਫਿਰਕੂ ਫਸਾਦਾਂ ਦੀ ਲਾਪ੍ਰਵਾਹੀ ਕੀਤੀ ਜਾਂਦੀ ਹੈ ਅਤੇ ਫਿਰਕੂ ਘੱਟ-ਗਿਣਤੀ ਚੁਣੌਤੀ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਇਸਦੇ ਨਾਲ ਹੀ ਸਰਕਾਰੀ ਟੈਲੀਵੀਜ਼ਨ ਇਕ ਹੀ ਫਿਰਕੇ ਦੀਆਂ ਧਾਰਨਾਵਾਂ ਅਤੇ ਰੀਤਾਂ ਰਿਵਾਜਾਂ ਨੂੰ ਭਾਰਤੀ ਸਭਿਆਚਾਰ ਦੇ ਨਾਂ ਤੇ ਦਿਖਾਉਂਦਾ ਚਲਿਆ ਆ ਰਿਹਾ ਹੈ।

ਸਾਡੇ ਆਜ਼ਾਦੀ ਅੰਦੋਲਨ ਦੀ ਕਹਾਣੀ ਨੂੰ ਵੀ ਸਿਰਫ ਬਹੁ-ਗਿਣਤੀ ਫਿਰਕੇ ਦੇ ਨੇਤਾਵਾਂ ਦੀ ਜਗੀਰ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ ਸ਼ਾਇਦ ਸੱਤਾਧਾਰੀ ਪਾਰਟੀ ਨੂੰ ਅਹਿਸਾਸ ਹੈ ਕਿ ਆਉਣ ਵਾਲੀਆਂ ਚੋਣਾਂ ਫਿਰਕੂ ਆਧਾਰ ਤੇ ਹੋਣਗੀਆਂ। ਇਸ ਲਈ ਉਹ ਬਹੁ-ਗਿਣਤੀ ਫਿਰਕੇ ਦੇ ਵੋਟ ਨੂੰ ਹੁਣ ਤੋਂ ਹੀ ਪੱਕਾ ਕਰ ਰਹੀ ਹੈ। ਇਸ ਤਰ੍ਹਾਂ ਧਾਰਮਿਕ ਘੱਟ-ਗਿਣਤੀ ਹੁਣ ਰਾਜਨੀਤਕ ਘੱਟ-ਗਿਣਤੀ ਬਣਦੇ ਜਾ ਰਹੇ ਹਨ।

ਜਿੱਥੋਂ ਤੱਕ ਵਿਰੋਧੀ ਪਾਰਟੀਆਂ ਦੀ ਰਾਜਨੀਤੀ ਦਾ ਸਵਾਲ ਹੈ ਉਨ੍ਹਾਂ ਦੀ ਹਾਲਤ ਵੀ ਕੋਈ ਬਿਹਤਰ ਨਹੀਂ ਹੈ। ਭਾਰਤੀ ਜਨਤਾ ਪਾਰਟੀ, ਜਨਤਾ ਪਾਰਟੀ ਅਤੇ ਲੋਕ ਦਲ ਦੀ ਹਾਲਤ ਖਸਤਾ ਹੈ ਅਤੇ ਉਹ ਵੀ ਜਿੱਥੇ ਜਿੱਥੇ ਸੰਭਵ ਹੁੰਦਾ ਹੈ ਫਿਰਕੂ ਫਸਲ ਬੀਜਣ ਦੀ ਕੋਸ਼ਿਸ਼ ਕਰਦੀਆਂ ਹਨ। ਜਿੱਥੋਂ ਤੱਕ ਖੱਬੇ ਪੱਖੀ ਪਾਰਟੀਆਂ ਦਾ ਸਵਾਲ ਹੈ ਉਨ੍ਹਾਂ ਦਾ ਮਹੱਤਵ ਏਨਾ ਘੱਟ ਹੈ ਕਿ ਉਨ੍ਹਾਂ ਬਾਰੇ ਵਧੇਰੇ ਨਾ ਲਿਖਣਾ ਹੀ ਮੁਨਾਸਬ ਹੋਵੇਗਾ। ਪਰ ਇਹ ਜ਼ਰੂਰ ਕਹਿਣਾ ਪਵੇਗਾ ਕਿ ਦੋਨੋਂ ਸਾਮਵਾਦੀ ਪਾਰਟੀਆਂ ਨੇ ਪੰਜਾਬ ਵਿਚ ਫਿਰਕੂ ਚੁਣੌਤੀ ਦਾ ਜੀਅ ਤੋੜ ਮੁਕਾਬਲਾ ਕੀਤਾ। ਦੂਸਰੀਆਂ ਥਾਵਾਂ ਤੇ ਵੀ ਇਹੀ ਰਵੱਈਆ ਅਪਨਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਰਾਜਸੀ ਪਾਰਟੀਆਂ ਫਿਰਕੂ ਵਿਚਾਰਧਾਰਾ ਦੀ ਪਿੱਠ ਠੋਕ ਰਹੀਆਂ ਹਨ ਤਾਂ ਕਿ ਤਤਕਾਲਕ ਚੋਣਾਂ ਵਿਚ ਸਫਲਤਾ ਪ੍ਰਾਪਤ ਕੀਤੀ ਜਾਏ।



ਇਸਦਾ ਸਿੱਟਾ ਇਹ ਹੈ ਕਿ ਅੱਜ ਦੇਸ਼ ਵਿਚ ਬਦਤਰੀਨ ਕਿਸਮ ਦੀ ਫਿਰਕੂ ਰਾਜਨੀਤੀ ਉਭਰ ਕੇ ਕੌਮੀ ਪੱਧਰ ਤੇ ਸਾਹਮਣੇ ਆਈ ਹੈ। ਚਾਹੇ ਇਸਲਾਮੀ ਰੂੜੀਵਾਦ ਨੂੰ ਮਜ਼ਬੂਤ ਬਨਾਉਣ ਦੀਆਂ ਕੋਸ਼ਿਸ਼ਾਂ ਹੋਣ ਜਾਂ ਇਕ 'ਹਿੰਦੂ ਸੰਸਦ' ਦੇ ਆਯੋਜਨ ਦਾ ਖਤਰਾ ਹੋਵੇ ਅਤੇ ਚਾਹੇ ਖਾਲਿਸਤਾਨ ਜਾਂ 'ਕਸ਼ਮੀਰੀ ਪਾਕਿਸਤਾਨ' ਬਨਾਉਣ ਦੇ ਪਾਗਲ ਨਾਅਰੇ ਹੋਣ, ਭਾਰਤ ਵਿਚ ਫਿਰਕੂ ਅਪੀਲ ਬਹੁਤ ਹਰਮਨ ਪਿਆਰੀ ਹੋ ਰਹੀ ਹੈ।

ਅੱਜ ਅੱਤਵਾਦ ਨੂੰ ਸਾਰੇ ਫਿਰਕਿਆਂ ਵਿਚ ਇਕ ਖਾਸ ਕਿਸਮ ਦਾ ਆਦਰ ਮਿਲ ਰਿਹਾ ਹੈ ਅਤੇ ਸਭ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਸੱਤਾਧਾਰੀ ਲੋਕਾਂ ਨੂੰ ਬੰਦੂਕ ਦੇ ਜ਼ੋਰ ਨਾਲ ਸਬਕ ਸਿਖਾਇਆ ਜਾਏ। ਜਿਸ ਤਰ੍ਹਾਂ ਗਣਤੰਤਰ ਦਿਵਸ ਦੇ ਬਾਈਕਾਟ ਦੇ ਨਾਅਰੇ ਨੂੰ ਲੈ ਕੇ ਉਸਦੇ ਹਾਮੀਆਂ ਅਤੇ ਵਿਰੋਧੀਆਂ ਦੋਨਾਂ ਦਾ ਗੱਲ ਨੂੰ ਵਧਾਕੇ ਪੇਸ਼ ਕਰਨਾ ਬਿਲਕੁਲ ਗਲਤ ਹੈ ਤੇ ਬੇਕਾਰ ਵੀ।

ਦੂਜੇ ਪਾਸੇ ਖੇਤਰੀਚੁਣੌਤੀ ਵੀ ਖਤਰਨਾਕ ਦਿਸ਼ਾਵਾਂ ਅਪਣਾ ਰਹੀ ਹੈ ਅਤੇ ਉਹ ਗੋਰਖਾਲੈਂਡ ਅੰਦੋਲਨ ਦੇ ਰੂਪ ਵਿਚ ਸਾਡੇ ਸਾਹਮਣੇ ਆਈ ਹੈ

ਇਹ ਇਸ ਰਾਜਨੀਤੀ ਦਾ ਪ੍ਰਤੀਕ ਹੈ ਕਿ ਕੇਂਦਰ ਵਿਚ ਸੱਤਾਧਾਰੀ ਪਾਰਟੀ ਵੀ ਉਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਦੀ ਅਤੇ ਉਸਦਾ ਰਵੱਈਆ ਗੋਰਖਾਲੈਂਡ ਪ੍ਰਤੀ ਵੀ ਠੀਕ ਨਹੀਂ ਹੈ।

ਅੱਜ ਲੋੜ ਇਹ ਸਮਝਣ ਦੀ ਹੈ ਕਿ ਹੁਣ ਨਰਮ ਗੱਲਾਂ ਕਰਨ ਦਾ ਦੌਰ ਬੀਤ ਗਿਆ। ਅਸੀਂ ਸੰਗਠਤ ਭਾਰਤ ਤਦ ਤੱਕ ਸੁਰੱਖਿਅਤ ਨਹੀਂ ਰੱਖ ਸਕਦੇ ਜਦ ਤੱਕ ਅਸੀਂ ਫਿਰਕੂਪੁਣੇ ਨੂੰ ਹਰ ਸੰਭਵ ਤਾਕਤ ਨਾਲ ਮਾਰ ਦੇਣ ਦੀ ਰਾਜਨੀਤਕ ਤਾਕਤ ਅਤੇ ਇੱਛਾ ਪੈਦਾ ਨਹੀਂ ਕਰਦੇ। ਇਸ ਲਈ ਵੱਡੇ ਪੈਮਾਨੇ ਤੇ ਲੋਕਾਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ ਅਤੇ ਨਾਲ ਹੀ ਉਸ ਸਖਤ 'ਡੰਡੇ' ਦੀ ਵੀ ਜੋ ਹਿੰਸਾਤਮਕ ਕਾਰਵਾਈ ਅਤੇ ਧਾਰਮਿਕ ਨਫਰਤ ਦਾ ਪ੍ਰਾਪੇਗੰਡਾ ਕਰਨ ਵਾਲਿਆਂ ਵਿਰੁੱਧ ਇਸਤੇਮਾਲ ਕੀਤਾ ਜਾਏ।

ਸਭ ਤੋਂ ਪਹਿਲਾਂ ਹਰ ਤਰ੍ਹਾਂ ਦੀਆਂ ਪ੍ਰਾਈਵੇਟ 'ਸੈਨਾਵਾਂ' ਤੇ ਰੋਕ ਲਾਉਣੀ ਹੋਵੇਗੀ ਅਤੇ ਫਿਰ ਰਾਜਸੀ ਪਾਰਟੀਆਂ ਨੂੰ ਧਰਮ ਅਤੇ ਫਿਰਕੇ ਦੇ ਆਧਾਰ ਤੇ ਚੱਲਣ ਦੇ ਰੁਝਾਨ ਤੋਂ ਰੋਕਣਾ ਹੋਵੇਗਾ। ਕੋਈ ਵੀ ਰਾਜਸੀ

ਸਭ ਤੋਂ ਪਹਿਲਾਂ ਹਰ ਤਰ੍ਹਾਂ ਦੀਆਂ ਪ੍ਰਾਈਵੇਟ 'ਸੈਨਾਵਾਂ' ਤੇ ਰੋਕ ਲਾਉਣੀ ਹੋਵੇਗੀ ਅਤੇ ਫਿਰ ਰਾਜਸੀ ਪਾਰਟੀਆਂ ਨੂੰ ਧਰਮ ਅਤੇ ਫਿਰਕੇ ਦੇ ਆਧਾਰ ਤੇ ਚੱਲਣ ਦੇ ਰੁਝਾਨ ਤੋਂ ਰੋਕਣਾ ਹੋਵੇਗਾ। ਕੋਈ ਵੀ ਰਾਜਸੀ ਪਾਰਟੀ ਆਪਣੇ ਦਰਵਾਜ਼ੇ ਸਿਰਫ ਇਕ ਫਿਰਕੇ ਲਈ ਖੁੱਲ੍ਹੇ ਨਹੀਂ ਰੱਖ ਸਕਦੀ। ਹੋ ਸਕਦਾ ਹੈ ਕਿ ਇਸ ਲਈ 'ਬੋਲਣ ਅਤੇ ਲਿਖਣ ਦੀ ਆਜ਼ਾਦੀ' ਤੇ ਕੁਝ ਸੱਟ ਵੱਜੇ ਪਰ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਅਜਿਹੇ ਕਦਮ ਚੁੱਕਣੇ ਹੀ ਪੈਣਗੇ।

ਫਸਾਦਾਂ ਨੂੰ ਇਸ ਗੰਭੀਰਤਾ ਨਾਲ ਦਬਾਉਣਾ ਚਾਹੀਦਾ ਹੈ ਜਿਵੇਂ ਕਿ ਪਲੇਗ ਵਰਗੀ ਮਹਾਂਮਾਰੀ ਫੈਲ ਗਈ ਹੋਵੇ, ਬਹੁਤ ਸਾਰੇ ਫਸਾਦੀਆਂ ਨੂੰ ਵਿਸ਼ੇਸ਼ ਅਦਾਲਤਾਂ ਦੀ ਕਾਇਮੀ ਕਰਕੇ ਤਤਕਾਲਕ ਰੂਪ ਨਾਲ ਮੁਕੱਦਮੇ ਚਲਾਕੇ ਗੋਲੀ ਮਾਰਨੀ ਹੋਵੇਗੀ। ਸਾਡੇ ਇਤਿਹਾਸ ਦੀਆਂ ਕਿਤਾਬਾਂ ਨੂੰ ਵੀ ਮੁੜ ਤੋਂ ਲਿਖਿਆ ਜਾਣਾ ਚਾਹੀਦਾ ਹੈ ਅਤੇ ਸਾਂਝੀ ਸਭਿਆਚਾਰਕ ਵਿਰਾਸਤ ਦੇ ਠੋਸ ਦ੍ਰਿਸ਼ਟੀਕੋਣ ਨੂੰ ਨਾ ਅਪਨਾਇਆ ਜਾਵੇ।

ਮੈਂ ਜਾਣਦਾ ਹਾਂ ਕਿ ਹਕੀਕਤ ਵਿਚ ਅਜਿਹਾ ਕਰਨਾ ਮੁਸ਼ਕਲ ਹੈ ਜਿਹੜੇ ਆਦਮੀ ਹੁਣ ਤੱਕ ਹੋਣ ਵਾਲੇ ਫਿਰਕੂ ਫਸਾਦਾਂ ਵਿਚ ਕਿਸੇ ਇਕ ਵੀ ਫਸਾਦੀ ਨੂੰ ਸਜ਼ਾ ਨਹੀਂ ਦੇ ਸਕੇ, ਉਨ੍ਹਾਂ ਤੋਂ ਇਹ ਉਮੀਦ ਰੱਖਣੀ ਇਕ ਬੜੀ ਬੁਰੀ ਗੱਲ ਹੋਵੇਗੀ ਕਿ ਉਹ ਇਕ ਦਮ ਏਨੇ ਵੱਡੇ ਦੇਸ਼ ਭਗਤ ਬਣ ਜਾਣ ਕਿ ਉਹ ਸਾਰੇ ਫਿਰਕੂ ਫਸਾਦੀਆਂ ਨੂੰ ਫਾਂਸੀ ਦੇ ਤਖਤੇ ਲਟਕਾਉਣ ਦੀ ਮੰਗ ਕਰਨ ਲੱਗਣ। ਜੋ ਲੋਕ 40 ਸਾਲਾਂ ਤੋਂ ਇਤਿਹਾਸ ਦੀਆਂ ਕਿਤਾਬਾਂ ਵਿਚ ਭੈੜੇ ਤੋਂ ਭੈੜੇ ਫਿਰਕੂ ਜ਼ਹਿਰ ਨੂੰ ਵੱਖ ਨਹੀਂ ਕਰ ਸਕੇ ਤਾਂ ਪੂਰੀ ਇਕੀਵੀਂ ਸਦੀ ਇਸ ਗੱਲ ਲਈ ਲਗੇਗੀ ਕਿ ਉਹ ਕਮਿਸ਼ਨ ਅਤੇ ਕਮੇਟੀਆਂ ਕਾਇਮ ਕਰਨ ਜੋ ਇਸ ਗੱਲ ਦਾ ਫੈਸਲਾ ਕਰਨ ਕਿ ਇਤਿਹਾਸ ਵਿਚ ਕੀ ਪੜ੍ਹਾਇਆ ਜਾਣਾ ਚਾਹੀਦਾ ਹੈ।

ਸਾਡੀਆਂ ਅਸਫਲਤਾਵਾਂ ਦੀ ਸੂਚੀ ਬਹੁਤ ਹੀ ਲੰਮੀ ਹੈ ਪਰ ਸਾਡੇ ਸਾਹਮਣੇ ਚੁਣੌਤੀਆਂ ਦੀ ਲਿਸਟ ਉਸਤੋਂ ਵੀ ਲੰਬੀ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਦੁਨੀਆਂ ਦੇ ਹਰ ਮਹੱਤਵਪੂਰਨ ਦੇਸ਼ ਵਿਚ ਖਾਸ ਰੂਪ ਨਾਲ ਦੁਨੀਆਂ ਦੇ ਸਭ ਤੋਂ ਮਜ਼ਬੂਤ ਲੋਕਤੰਤਰ ਅਮਰੀਕਾ ਨੂੰ ਵੀ ਇਕ ਸੱਚੇ ਲੋਕਤੰਤਰਿਕ ਸੰਵਿਧਾਨ ਨੂੰ ਅਪਨਾਉਣ ਲਈ ਵੀ ਗ੍ਰਹਿ-ਯੁੱਧ ਲੜਨਾ ਪਿਆ ਸੀ। ਜੇਕਰ ਇਬਰਾਹੀਮ ਲਿੰਕਨ ਕੁਝ ਹਜ਼ਾਰ ਕਾਲੇ ਲੋਕਾਂ ਦੀ ਦਾਸਤਾਨ ਦੇ ਸਵਾਲ ਨੂੰ ਏਨਾ ਅਹਿਮ ਸਮਝ ਸਕਦੇ ਸਨ ਕਿ ਉਹ ਗ੍ਰਹਿ-ਯੁੱਧ ਦੇ ਲਈ ਤਿਆਰ ਹੋ ਗਏ ਸਨ ਤਾਂ ਅੱਜ ਸਾਡੇ ਦੇਸ਼ ਦੀ ਮੌਲਿਕ ਸਥਿਰਤਾ ਏਕਤਾ, ਅਖੰਡਤਾ ਦੇ ਸਾਹਮਣੇ ਜੋ ਗੰਭੀਰ ਚੁਣੌਤੀਆਂ ਹਨ ਉਸਦਾ ਸਾਹਮਣਾ ਵੀ ਅਸੀ, ਗੱਲਾਂ ਭਾਸ਼ਣਾਂ ਅਤੇ ਕਮਿਸ਼ਨਾਂ ਨਾਲ ਨਹੀਂ ਕਰ ਸਕਦੇ।



# ਸ਼ਹਿਰੀਅਤ ਦੀ 40ਵੀਂ ਵਰ੍ਹੇ ਗੰਢ ਮਨਾਈ

ਪਿਛਲੇ ਹਫਤੇ ਸਾਰੀਆਂ ਏਸ਼ੀਅਨ ਕਮਿਊਨਿਟੀਆਂ ਨੇ ਰਲਕੇ ਸ਼ਹਿਰੀਅਤ ਦੀ ਚਾਲਵੀਂ ਵਰ੍ਹੇ ਗੰਢ ਮਨਾਈ। ਵੈਨਕੂਵਰ ਕੋਰਟ ਹਾਊਸ, ਫੁਆਰੇ ਦੇ ਅੱਗੇ ਇਕ ਰੈਲੀ ਭੀ ਹੋਈ ਜਿਸ ਵਿਚ ਜਪਾਨੀਆਂ ਵਲੋਂ ਰੋਏ ਮਿੱਕੀ, ਤੇ ਚੀਨਿਆਂ ਵਲੋਂ ਟੋਮੀ ਟਾਓ ਤੇ ਭਾਰਤੀਆਂ ਵਲੋਂ ਚਰਨਪਾਲ ਗਿੱਲ ਨੇ ਸਪੀਚਾਂ ਦਿੱਤੀਆਂ। ਸੁਪਰੀਮ ਕੋਰਟ ਦੇ ਜੱਜ ਥਾਮਸ ਬਰਜਰ ਨੇ ਭੀ ਇਸ ਵਿਚ ਭਾਗ ਲਿਆ।

ਕਿਉਂਕਿ ਇਹ ਰੈਲੀ ਖੁਸ਼ੀ ਲਈ ਮਨਾਈ ਗਈ ਸੀ ਇਸ ਕਰਕੇ ਸਾਰਿਆਂ ਨੇ ਹੀ ਸ਼ਹਿਰੀਅਤ ਹੱਕ ਦੇਣ ਦੀ ਕੈਨੇਡਾ ਸਰਕਾਰ ਦੀ ਵਡਿਆਈ ਕੀਤੀ। ਚਰਨਪਾਲ ਗਿੱਲ ਨੇ ਕਿਹਾ ਕਿ ਜੇ ਅੱਜ ਸਾਡੇ ਲੋਕ ਜਿਉਂਦੇ ਹੁੰਦੇ ਜਿਨ੍ਹਾਂ ਨੂੰ ਕੈਨੇਡਾ ਸਰਕਾਰ ਨੇ ਵੈਨਕੂਵਰ ਬੰਦਰਗਾਹ ਵਿਚ 45 ਦਿਨ ਜਕੜੀ ਰੱਖਿਆ ਤੇ ਫਿਰ ਮਨਬੋਟ ਦੇ ਡਰਾਵੇ ਨਾਲ ਖੁਲ੍ਹੇ ਸਮੁੰਦਰ ਵਿਚ ਦੇਸ਼ ਨਿਕਾਲਾ ਦੇ ਦਿੱਤਾ ਤਾਂ ਸਾਡੀਆਂ ਹੁਣ ਦੀਆਂ ਪ੍ਰਾਪਤੀਆਂ ਬਾਰੇ ਉਨ੍ਹਾਂ ਨੂੰ ਬਹੁਤ ਹੀ ਖੁਸ਼ੀ ਹੋਣੀ ਸੀ। ਇਨ੍ਹਾਂ ਪ੍ਰਾਪਤੀਆਂ ਦੇ ਬਾਵਜੂਦ ਭੀ ਸਾਨੂੰ ਹੱਕ ਬਰਾਬਰ ਨਹੀਂ ਤੇ ਥਾਂ ਥਾਂ ਸਾਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਉਹ ਇਤਿਹਾਸਕ ਦਿਨ ਸੀ ਜਦ ਸਾਨੂੰ ਸ਼ਹਿਰੀਅਤ ਦੇ ਹੱਕ ਪ੍ਰਾਪਤ ਹੋਏ।

ਰੋਏ ਮਿੱਕੀ ਨੇ ਦੱਸਿਆ ਕਿ ਸ਼ਹਿਰੀਅਤ ਹੱਕ ਮਿਲਣ ਤੋਂ ਪਹਿਲੋਂ ਕੋਈ ਭੀ ਏਸ਼ੀਅਨ ਮਿਊਂਸਪੈਲਟੀ ਸਰਕਾਰ ਜਾਂ ਕਰਾਊਨ ਕਾਰਪੋਰੇਸ਼ਨਾਂ ਵਿਚ ਕੰਮ ਨਹੀਂ ਸੀ ਕਰ ਸਕਦਾ। ਏਸ਼ੀਅਨ ਬੱਚੇ ਲਾਅ ਸਕੂਲ ਜਾਂ ਡਾਕਟਰੀ ਦੇ ਸਕੂਲ ਪੜ੍ਹ ਨਹੀਂ ਸਨ ਸਕਦੇ। ਜਪਾਨੀਆਂ ਦੀਆਂ ਜ਼ਮੀਨਾਂ ਖੋਹ ਲਈਆਂ ਸਨ ਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਸੀ। ਭਾਵੇਂ ਖੋਹੀਆਂ ਜ਼ਮੀਨਾਂ ਦਾ ਮੁਆਵਜ਼ਾ ਅਜੇ ਤੱਕ ਨਹੀਂ ਮਿਲਿਆ ਪਰ ਉਨ੍ਹਾਂ ਨੂੰ ਜੇਲ੍ਹਾਂ ਵਿਚੋਂ ਰਿਹਾ ਕਰ ਦਿੱਤਾ ਸੀ। ਇਸੇ ਤਰ੍ਹਾਂ ਟੋਮੀ ਟਾਓ ਨੇ ਰੈਲੀ ਵਿਚ ਆਏ ਲੋਕਾਂ ਨੂੰ ਚੀਨਿਆਂ ਤੇ ਹੈਡ ਟੈਕਸ ਲਾਉਣ ਬਾਰੇ ਦੱਸਿਆ ਤੇ ਕਿਹਾ ਕਿ ਚੀਨਿਆਂ ਨਾਲ ਅੱਜ ਭੀ ਕੁਲੀਆਂ ਵਾਂਗ ਵਰਤਾਵਾ ਹੁੰਦਾ ਹੈ। ਭਾਵੇਂ ਇਮੀਗਰੇਸ਼ਨ ਵਿਚ 1967 ਤੱਕ ਵਿਤਕਰਾ ਰਿਹਾ ਪਰ ਬਨਿਆਦੀ ਹੱਕ ਇਨ੍ਹਾਂ ਨੂੰ 1947 ਵਿਚ ਹੀ ਮਿਲ ਗਏ ਸਨ। ਇਹ ਵੋਟ ਪਾਉਣ ਦੇ ਹੱਕਾਂ ਨੇ ਲੋਕਾਂ ਨੂੰ ਬਹੁਤ ਤਾਕਤ ਦਿੱਤੀ।

ਜੱਜ ਥਾਮਸ ਬਰਜਰ ਨੇ ਕਿਹਾ ਕਿ ਕੈਨੇਡੀਅਨਾਂ ਨੂੰ ਹਮੇਸ਼ਾਂ ਚੇਤਾ ਰੱਖਣਾ ਚਾਹੀਦਾ ਹੈ ਕਿ ਸਾਡਾ ਇਤਿਹਾਸ ਨਸਲਵਾਦ ਨਾਲ ਭਰਿਆ ਪਿਆ। ਜਮਹੂਰੀ ਤੇ ਇਨਸਾਨੀਅਤ ਦੇ ਹੱਕਾਂ ਨੂੰ ਬਰਕਰਾਰ ਰੱਖਣ ਲਈ ਸਾਨੂੰ ਹਮੇਸ਼ਾਂ ਚੇਤੰਨ ਰਹਿਣਾ ਚਾਹੀਦਾ ਹੈ ਨਹੀਂ ਤਾਂ ਇਨ੍ਹਾਂ ਦੇ ਖੁਰਨ ਦਾ ਕੋਈ ਪਤਾ ਨਹੀਂ ਚਲਦਾ।


# ਬੇਸਮੈਂਟ ਕਿਰਾਏ ਲਈ ਖਾਲੀ

**ਤਿੰਨ ਕਮਰੇ ਦੀ ਬੇਸਮਿੰਟ ਕਿਰਾਏ ਲਈ ਖਾਲੀ ਹੈ। ਕਮਰੇ ਬਹੁਤ ਖੁਲ੍ਹੇ ਹਨ ਅਤੇ ਨਾਲ ਵੱਡਾ ਕਿਚਨ ਹੈ। ਇਹ ਵੈਨਕੂਵਰ ਈਸਟ ਦੇ ਇਲਾਕੇ ਵਿਚ ਹੈ। ਵਿਕਟੋਰੀਆ ਡਰਾਈਵ ਅਤੇ 1st Ave. ਦੇ ਨੇੜੇ ਹੈ। ਬਿਜ਼ਨਸ ਸੈਂਟਰ, ਬੱਸ ਸਟਾਪ ਨਜ਼ਦੀਕ ਹਨ। ਕਿਰਾਇਆ ਬਹੁਤ ਵਾਜਬ ਹੈ। ਅੱਜ ਹੀ ਫ਼ੋਨ ਕਰੋ :**

**253-9521**


ਮੈਂ ਝੁਕਣਾ ਸਿੱਖਿਆ ਨਹੀਂ, ਟੁੱਟ ਜਾਵਾਂ ਗੱਲ ਵਖਰੀ ਹੈ,
ਤੁਸੀਂ ਪੁੱਟੋਗੇ, ਫੈਲਾਂਗਾ ਰਗਾਂ ਵਿਚ ਵੀ ਜੜ੍ਹਾਂ ਵਾਂਗੂ।

ਮੇਰੇ ਹੰਝੂ ਕਿਰੇ ਨੇ ਜਿਸ ਜਗ੍ਹਾ, ਨਗਮੇ ਹੀ ਉੱਗੇ ਨੇ,
ਕੋਈ ਮੈਨੂੰ ਭੁਲਾਏਗਾ ਨਹੀਂ ਹੁਣ ਮਰ ਗਿਆਂ ਵਾਂਗੂੰ।

ਮੇਰੇ ਰੱਬਾ ਮੇਰੇ ਹਾਸੇ ਵੀ ਉਹਦੇ ਨਾਮ ਕਰ ਦੇਵੀਂ,
ਜੋ ਦਿਲਬਰ ਹੋ ਕੇ ਮੈਨੂੰ ਪੇਸ਼ ਆਇਆ ਦੁਸ਼ਮਣਾਂ ਵਾਂਗੂ।

ਕੋਈ ਤਾਂ ਗੱਲ ਹੈ ਅਮਰੀਕ ਦੇ ਸ਼ਿਅਰਾਂ 'ਚ ਜਿਸ ਕਰਕੇ,
ਮੜ੍ਹੀ ਉਹਦੀ ਤੇ ਰੌਣਕ ਹੈ ਨਦੀ ਤੇ ਪੱਤਣਾਂ ਵਾਂਗੂੰ।

# ਖੇਤ ਮਜ਼ਦੂਰਾਂ ਬਾਰੇ ਲਿਖੇ ਸਾਹਿਤ ਦੀ ਕਿਤਾਬ

ਵੈਨਕੂਵਰ ਸੱਥ ਨੇ ਕੈਨੇਡਾ ਵਿਚ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਬਾਰੇ ਹੁਣ ਤੱਕ ਲਿਖੇ (ਛਪੇ-ਅਣਛਪੇ) ਸਾਹਿਤ ਦੀ ਕਿਤਾਬ ਸੰਪਾਦਿਤ ਕਰਨ ਦਾ ਫੈਸਲਾ ਕੀਤਾ ਹੈ। ਸਭ ਲੇਖਕਾਂ ਨੂੰ ਬੇਨਤੀ ਹੈ ਕਿ ਖੇਤ ਮਜ਼ਦੂਰਾਂ ਬਾਰੇ ਲਿਖੀਆਂ ਰਚਨਾਵਾਂ ਵੈਨਕੂਵਰ ਸੱਥ ਨੂੰ ਜੂਨ ਦੇ ਪਹਿਲੇ ਹਫਤੇ ਤੱਕ ਭੇਜ ਦੇਣ। ਇਹ ਰਚਨਾਵਾਂ ਸਾਹਿਤ ਦੇ ਕਿਸੇ ਵੀ ਰੂਪ ਵਿਚ ਜਿਵੇਂ ਕਹਾਣੀ,ਕਵਿਤਾ,ਗੀਤ,ਬੋਲੀਆਂ,ਨਾਟਕ ਆਦਿ ਵਿਚ ਹੋ ਸਕਦੀਆਂ ਹਨ।

**ਰਚਨਾਵਾਂ ਭੇਜਣ ਦਾ ਪਤਾ ਹੈ:**

**ਵੈਨਕੂਵਰ ਸੱਥ**
P.O. Box 67681
STN.O
Vancouver B.C.
V5W—3V2

# ਯੂ. ਬੀ. ਸੀ. ਵਿਚ ਪੰਜਾਬੀ ਚੇਅਰ ਦੀ ਸਥਾਪਨਾ

ਨੌਂ ਤਰੀਕ, ਦਿਨ ਸ਼ੁਕਰਵਾਰ ਨੂੰ ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਆਫ ਕੈਨੇਡਾ ਨੇ ਯੂਨੀਵਰਸਿਟੀ ਦੇ ਪ੍ਰਧਾਨ ਡੇਵਿਡ ਸਟਰੈਂਮਵੇਅ ਨੂੰ ਵਾਅਦੇ ਅਨੁਸਾਰ ਸਿੱਖ ਸਟੱਡੀ, ਸਾਹਿਤ ਤੇ ਪੰਜਾਬੀ ਬੋਲੀ ਦੇ ਚੇਅਰ ਸਥਾਪਨ ਕਰਨ ਲਈ ਤਿੰਨ ਲੱਖ ਡਾਲੇ ਦੀ ਚੈੱਕ ਭੇਂਟਾ ਕੀਤੀ।

ਡਾਕਟਰ ਸਟਰੈਂਮਵੇਅ ਨੇ ਚੈੱਕ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਉਸਨੂੰ ਅੱਜ ਬਹੁਤ ਖੁਸ਼ੀ ਹੈ ਕਿਉਂਕਿ ਅੱਜ ਦਾ ਮੌਕਾ ਇਤਿਹਾਸਕ ਹੈ ਕਿਉਂਕਿ ਇਹ ਚੇਅਰ ਪੰਜਾਬੀ ਧਰਮ ਜਾਂ ਸਾਹਿਤ ਨੂੰ ਉਚਾ ਹੀ ਨਹੀਂ ਕਰੇਗੀ ਸਗੋਂ ਕੈਨੇਡਾ ਦੇ ਲੋਕਾਂ ਦੀ ਜਾਣਕਾਰੀ ਲਈ ਭੀ ਇਕ ਚਾਨਣ ਮੁਨਾਰੇ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਮਾਰਚ 16, 1985 ਇਸ ਬਾਰੇ ਐਗਰੀਮੈਂਟ ਮੁਕੰਮਲ ਹੋ ਚੁੱਕਾ ਸੀ। ਅੱਜ ਤਿੰਨ ਲੱਖ ਡਾਲਰ ਦੇਕੇ ਵਾਅਦਾ ਪੂਰਾ ਕਰ ਦਿੱਤਾ ਹੈ।

ਪੰਜਾਬੀ ਚੇਅਰ ਦਾ ਸਥਾਪਤ ਹੋਣਾ ਇਕ ਮਹੱਤਵਪੂਰਨ ਦਿਨ ਹੈ। ਗੁਰਚਰਨ ਸਿੰਘ ਗੋਸਲ, ਪ੍ਰਧਾਨ ਨੇ ਕਿਹਾ ਕਿ ਚਾਰ ਸਾਲ ਬਾਅਦ ਇਹ ਸੁਪਨਾ ਸਾਕਾਰ ਹੋ ਗਿਆ ਹੈ। ਜੋ ਕੰਮ ਆਰੰਭ ਹੋਇਆ ਸੀ ਉਹ ਬਹੁਤ ਔਕੜਾਂ ਝਾਲ ਸਿਰੇ ਚੜ੍ਹਿਆ ਹੈ। ਭਾਵੇਂ ਸੁਸਾਇਟੀ ਨੇ ਕਰਜ਼ਾ ਚੁੱਕ ਕੇ ਪੈਸਾ ਦੇ ਦਿੱਤਾ ਹੈ ਪਰ ਅਜੇ ਭੀ ਕਾਫੀ ਕਮੀ ਹੈ ਤੇ ਇਸ ਕਮੀ ਨੂੰ ਪੂਰਾ ਕਰਨ ਲਈ ਪੈਸੇ ਦੀ ਲੋੜ ਹੈ। ਇਹ ਸਿਰਫ ਨੀਂਹ ਰੱਖੀ ਹੈ ਪਰ ਇਸਨੂੰ ਪੱਕਿਆਂ ਕਰਨ ਲਈ ਬਹੁਤ ਕੰਮ ਕਰਨਾ ਪਵੇਗਾ। ਇਸ ਸੁਸਾਇਟੀ ਦੇ ਉਪ ਪ੍ਰਧਾਨ ਗੁਰਚਰਨ ਸਿੰਘ ਨੇ ਕਿਹਾ ਕਿ ਉਹ ਲੋਕਾਂ ਦੇ ਸਹਿਯੋਗ ਦਾ ਬਹੁਤ ਹੀ ਧੰਨਵਾਦ ਕਰਦੇ ਹਨ। ਜਿਨ੍ਹਾਂ ਲੋਕਾਂ ਨੇ ਸਿੱਖ ਟੈਂਪਲ ਹੀ ਨਹੀਂ ਪਰ ਵਿਅਕਤੀਆਂ ਦੇ ਬੂਹੇ ਖੜਕਾ ਕੇ ਪੈਸੇ ਇਕੱਠੇ ਕਰਨ ਵਿਚ ਸਹਾਇਤਾ ਦਿਤੀ ਹੈ ਉਸਦੇ ਉਹ ਬਹੁਤ ਰਿਣੀ ਹਨ।

ਸੈਕਟਰੀ ਆਫ ਸਟੇਟ ਦੇ ਮਿਸਟਰ ਗਬਰਟਸ ਨੇ ਡੇਵਿਡ ਕਰੋਂਬੀ, ਮਨਿਸਟਰ ਆਫ ਮਲਟੀਕਲਚਰਲਇਜ਼ਮ ਦਾ ਸੰਦੇਸ਼ਾ ਪੜ੍ਹਿਆ ਕਿਉਂਕਿ ਉਹ ਆਪ ਏਥੇ ਨਹੀਂ ਸੀ ਆ ਸਕਿਆ। ਉਨ੍ਹਾਂ ਕਿਹਾ ਕਿ ਬਹੁ ਸਭਿਆਚਾਰ ਹੋਣ ਦੇ ਨਾਤੇ ਕੈਨੇਡਾ ਦੀ ਸਭਿਅਤਾ ਬਹੁਤ ਅਮੀਰ ਹੈ। ਇਸ ਚੇਅਰ ਦੀ ਪੰਜਾਬੀਆਂ ਨੂੰ ਹੀ ਨਹੀਂ ਪਰ ਸਾਰੇ ਕੈਨੇਡੀਅਨਾਂ ਨੂੰ ਭੀ ਦੇਣ ਹੋਵੇਗੀ। ਬਹੁਤ ਸਾਰੇ ਹੋਰ ਕਮਿਊਨਿਟੀ ਲੀਡਰਾਂ ਨੇ ਇਸ ਕੰਮ ਦੀ ਸ਼ਲਾਘਾ ਕੀਤੀ ਤੇ ਆਪਦੇ ਵਿਚਾਰ ਪ੍ਰਗਟਾਏ। ਇਹ ਸੱਚੀ ਮੁੱਚੀਂ ਹੀ ਕੈਨੇਡਾ ਦੇ ਪੰਜਾਬੀਆਂ ਲਈ ਇਕ ਮਾਣ ਵਾਲਾ ਦਿਵਸ ਹੈ।


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars



Bhupinder(Bob) Sihota

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ



For further information call:

**Bhupinder(Bob) Sihota**

**Ph. 433-1207**

**Mint Auto Body Ltd.**

**5590 Lane Street, BURNABY, B.C. V5H 2H5**



# GILL AUTO SALES

## ਗਿੱਲ ਆਟੋ ਸੇਲਜ਼

DLR #8220

'ਤੇ

# Grand Opening

# SALE UNTIL MAY 19th, 1987

Come and have a look at our lowest prices

OR

Give your own offer if acceptable we will sell it

ਸਸਤੇ ਭਾਅ ਫਾਰਮ ਵੈਨਾਂ ਦੀਆਂ ਸੀਟਾਂ ਲਾਉਣ ਲਈ

ਖਾਸ ਪ੍ਰਬੰਧ ਤੇ ਵਾਜਬ ਰੇਟ

## Gill Van Conversion

## —WINDOWS—

- Complete Conversions
- Full Line of Accessories
- Sun-roofs

We will build to your plans or ours

**BEST RATES — GUARANTEED WORK**

**ALL QUALITY CARS, PICK UPS & VANS TO CHOOSE FROM**

## 7762 - Edmonds St. [near Canada Way]

## Burnaby, B.C.

## Ph. 522-2122